Friday, Aug 07, 2026

# ਪੰਜਾਬੀ ਜਰਨਲ

# PUNJABI JOURNAL

ਸਾਉਣ 23, ਨਾਨਕਸ਼ਾਹੀ ਸੰਮਤ: 557 | Volume: 20, Issue: 31| Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

SURREY
Unit 1129, 9686, 137 St. Surrey

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

wcc.ca | Tel : 604.594.3500

## ਬੀ.ਸੀ. ਨਗਰ ਪਾਲਿਕਾ ਚੋਣਾਂ 'ਚ 11 ਪੰਜਾਬਣਾਂ ਅਜਮਾਉਣਗੀਆਂ ਆਪਣੀ ਕਿਸਮਤ



**ਸਰੀ**: ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ 17 ਅਕਤੂਬਰ ਨੂੰ ਹੋ ਰਹੀਆਂ ਨਗਰਪਾਲਿਕਾ ਦੀਆਂ ਚੋਣਾਂ 'ਚ ਅੱਜ ਭਾਵੇਂ ਢਾਈ ਮਹੀਨੇ ਰਹਿੰਦੇ ਹਨ ਪਰ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਵੱਲੋਂ ਹੁਣ ਤੋਂ ਹੀ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਤੇ ਇਸ ਵਾਰ ਪੰਜਾਬਣ ਉਮੀਦਵਾਰਾਂ ਵਿਚ ਇਨ੍ਹਾਂ ਚੋਣਾਂ ਪ੍ਰਤੀ ਭਾਰੀ ਦਿਲਚਸਪੀ ਪਾਈ ਜਾ ਰਹੀ ਹੈ।

ਸੂਬੇ ਦੇ ਵੱਖ-ਵੱਖ ਸ਼ਹਿਰਾਂ 'ਚ ਹੁਣ ਤੱਕ 11 ਪੰਜਾਬਣਾਂ ਵੱਲੋਂ ਕੌਂਸਲਰ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਜ਼ਿਲ੍ਹਾ ਲੁਧਿਆਣਾ ਦੇ ਮੁੱਲਾਂਪੁਰ ਦਾਖਾ ਨੇੜਲੇ ਪਿੰਡ ਪੰਡੋਰੀ ਦੀ ਕੁਲਦੀਪ ਕੌਰ ਕੈਲੀ ਚਾਹਲ ਐਬਟਸਫੋਰਡ ਤੋਂ ਕੌਂਸਲਰ ਉਮੀਦਵਾਰ ਵਜੋਂ ਚੌਥੀ ਵਾਰ ਆਪਣੀ ਕਿਸਮਤ ਅਜ਼ਮਾ ਰਹੀ ਹੈ, ਜਦਕਿ ਜ਼ਿਲ੍ਹਾ ਮੋਗਾ ਦੇ ਪਿੰਡ ਬੁੱਟਰ ਦੀ ਪ੍ਰਦੀਪ ਕੌਰ ਕੂਨਰ ਸਰੀ, ਜੈਨੀਫਰ ਜੌਹਲ ਡੈਲਟਾ ਤੇ ਸੂਜ਼ਨ ਬੈਸ ਵਾਈਟਰੌਕ ਤੋਂ ਦੂਸਰੀ ਵਾਰ ਕੌਂਸਲਰ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਨਿੱਤਰੀਆਂ ਹਨ।

ਐਬਟਸਫੋਰਡ ਤੋਂ ਸਕੂਲ ਟਰੱਸਟੀ ਰੁਪਿੰਦਰ ਕੌਰ ਰੂਪੀ ਕੰਡਾ ਰਾਜਵਾਨ, ਮਿਸ਼ਨ ਤੋਂ ਸਕੂਲ ਟਰੱਸਟੀ ਜਸਵਿੰਦਰ ਕੌਰ ਜਸ ਬੈਂਸ ਹੁਣ ਕੌਂਸਲਰ ਉਮੀਦਵਾਰ ਹਨ।

ਜ਼ਿਲ੍ਹਾ ਲੁਧਿਆਣਾ ਦੇ ਸਾਹਨੇਵਾਲ ਨੇੜੇ ਪਿੰਡ ਸਾਹਨੀ ਦੀ ਉਘੀ ਰੀਐਲੇਟਰ ਇਕਜੋਰ ਕੌਰ ਸੰਧੂ ਡੈਲਟਾ, ਸਮਾਜ ਸੇਵੀ ਸੰਸਥਾ ਅਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਦੀ ਸੰਸਥਾਪਕ ਮੀਰਾ ਗਿੱਲ ਸਰੀ, ਉਘੀ ਵਾਤਾਵਰਨ ਪ੍ਰੇਮੀ ਸੁਹਾਨਾ ਗਿੱਲ ਸਰੀ, ਲੁਧਿਆਣਾ ਦੀ ਸ਼ੀਨਾ ਵਿਰਮਾਨੀ ਸਰੀ ਅਤੇ ਗਰੀਨ ਜੈਂਟਸ ਸੰਸਥਾ ਦੀ ਸੀ.ਈ.ਓ. ਸਿੰਮੀ ਰਾਜਪੂਤ ਲੈਂਗਲੀ ਤੋਂ ਪਹਿਲੀ ਵਾਰ ਕੌਂਸਲਰ ਬਣਨ ਲਈ ਸਖਤ ਮਿਹਨਤ ਕਰ ਰਹੀਆਂ ਹਨ।

## ਬੀ ਸੀ ਦੇ ਜੰਗਲਾਂ 'ਚ ਅੱਗ ਲੱਗਣ ਕਾਰਨ 200 ਤੋਂ ਵੱਧ ਘਰ ਹੋਏ ਤਬਾਹ



**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਵਿੱਚ ਜੰਗਲੀ ਅੱਗ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਵਰਨਨ ਨੇੜੇ ਭੜਕੀ ਬ੍ਰੈਡਲੀ ਕ੍ਰੀਕ ਜੰਗਲੀ ਅੱਗ ਨੇ ਓਕਨਾਗਨ ਇੰਡੀਅਨ ਬੈਂਡ ਦੇ ਮੂਲਨਿਵਾਸੀ ਖੇਤਰ ਵਿੱਚ ਭਾਰੀ ਤਬਾਹੀ ਮਚਾਈ ਹੈ। ਅੱਗ ਕਾਰਨ ਹੁਣ ਤੱਕ 230 ਤੋਂ ਵੱਧ ਘਰ ਸੜ ਕੇ ਸੁਆਹ ਹੋ ਚੁੱਕੇ ਹਨ, ਜਦਕਿ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਵੱਲ ਜਾਣ ਲਈ ਮਜਬੂਰ ਹੋਣਾ ਪਿਆ ਹੈ।

ਓਕਨਾਗਨ ਇੰਡੀਅਨ ਬੈਂਡ ਦੇ ਮੁਖੀ ਨੇ ਦੱਸਿਆ ਕਿ ਭਿਆਨਕ ਅੱਗ ਨੇ ਭਾਈਚਾਰੇ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ ਅਤੇ ਕਈ ਪਰਿਵਾਰਾਂ ਨੇ ਆਪਣਾ ਸਭ ਕੁਝ ਗੁਆ ਦਿੱਤਾ ਹੈ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਗਰਮ, ਸੁੱਕੇ ਮੌਸਮ ਅਤੇ ਤੇਜ਼ ਹਵਾਵਾਂ ਕਾਰਨ ਅੱਗ 'ਤੇ ਕਾਬੂ ਪਾਉਣਾ ਹੋਰ ਵੀ ਔਖਾ ਹੋ ਸਕਦਾ ਹੈ।

ਸੂਬੇ ਭਰ ਵਿੱਚ ਜੰਗਲੀ ਅੱਗ ਦੇ ਖਤਰੇ ਨੂੰ ਦੇਖਦਿਆਂ ਕਰੀਬ 8,000 ਲੋਕਾਂ ਨੂੰ ਆਪਣੇ ਘਰ ਖਾਲ੍ਹੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਅਤੇ ਅੱਗ 'ਤੇ ਕਾਬੂ ਪਾਉਣ ਲਈ ਲਗਾਤਾਰ ਯਤਨ ਕਰ ਰਹੀਆਂ ਹਨ।

ਇਸ ਸਮੇਂ ਬੀਸੀ ਦੀ ਸਭ ਤੋਂ ਵੱਡੀ ਜੰਗਲੀ ਅੱਗ ਪੀਅਰ ਲੇਕ ਖੇਤਰ ਵਿੱਚ ਲੱਗੀ ਹੋਈ ਹੈ, ਜੋ ਲਗਭਗ 1,247 ਵਰਗ ਕਿਲੋਮੀਟਰ ਖੇਤਰ ਵਿੱਚ ਫੈਲ ਚੁੱਕੀ ਹੈ। ਥੌਮਪਸਨ-ਨਿਕੋਲਾ ਰੀਜਨਲ ਡਿਸਟ੍ਰਿਕਟ ਮੁਤਾਬਕ ਕਲਿੰਟਨ ਪਿੰਡ ਨੂੰ ਛੱਡ ਕੇ ਕਰੀਬ 120 ਜਾਇਦਾਦਾਂ ਨੂੰ ਢਾਂਚਾਗਤ ਨੁਕਸਾਨ ਪਹੁੰਚਿਆ ਹੈ।

ਜੰਗਲੀ ਅੱਗ ਨਾਲ ਨਜਿੱਠ ਰਹੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਜੂਦਾ ਹਾਲਾਤ ਬੇਹੱਦ ਖਤਰਨਾਕ ਹਨ ਅਤੇ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਵਧਣ ਅਤੇ ਬਿਜਲੀ ਚਮਕਣ ਦੀ ਸੰਭਾਵਨਾ ਕਾਰਨ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ, ਜਿਸ ਕਾਰਨ ਲੋਕਾਂ ਨੂੰ ਐਮਰਜੈਂਸੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ।



# ਕੈਲਗਰੀ ਵਿਚ ਵਰਕ ਪਰਮਿਟ ਨਾ ਮਿਲਣ ’ਤੇ ਸੈਂਕੜੇ ਵਿਦਿਆਰਥੀ ਸੜਕਾਂ ’ਤੇ ਆਏ

**ਕੈਲਗਰੀ**: ਪਿਛਲੇ ਦਸ ਦਿਨਾਂ ਤੋਂ ਕੈਨੇਡਾ ਦੇ ਕੈਲਗਰੀ ਵਿੱਚ 1000 ਤੋਂ ਵਧ ਵਿਦਿਆਰਥੀ ਸੜਕਾਂ ਉੱਤੇ ਹਨ। ਉਹ ਕੈਨੇਡਾ ਸਰਕਾਰ ਵੱਲੋਂ ਪੋਸਟ ਗਰੈਜੂਏਸ਼ਨ ਵਰਕ ਪਰਮਿਟ ਨਾ ਦੇਣ ਖਿਲਾਫ਼ ਪ੍ਰਦਰਸ਼ਨ ਕਰ ਰਹੇ ਹਨ; ਹਾਲਾਂਕਿ ਦਿਲਚਸਪ ਤੱਥ ਹੈ ਕਿ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਕਥਿਤ ਮੁਸੀਬਤ ’ਚ ਪਾਉਣ ਵਾਲੀ ਜਲੰਧਰ ਦੀ ਇਮੀਗ੍ਰੇਸ਼ਨ ਫਰਮ ਹੈ। ਫਰਮ ਦਾ ਮਾਲਕ ‘ਕੈਨੇਡੀਅਨ ਇੰਸਟੀਚਿਊਟ ਆਫ ਓਸਟੀਓਪੈਥਿਕ ਥੈਰੇਪੀ’ (ਸੀ ਆਈ ਓ ਟੀ) ਦਾ ਸਹਿ-ਮਾਲਕ ਵੀ ਹੈ। ਇਹ ‘ਪ੍ਰੋਟੇਜ ਕਾਲਜ’ ਨਾਲ ਜਨਤਕ-ਨਿੱਜੀ ਭਾਈਵਾਲੀ ਤਹਿਤ ਕੰਮ ਕਰਨ ਵਾਲਾ ‘ਮਨੋਨੀਤ ਲਰਨਿੰਗ ਇੰਸਟੀਚਿਊਟ’ ਹੈ, ਜਿੱਥੇ ਇਨ੍ਹਾਂ ਵਿਦਿਆਰਥੀਆਂ ਨੇ ਅੱਠ ਮਹੀਨਿਆਂ ਤੋਂ ਲੈ ਕੇ ਦੋ ਸਾਲ ਦੀ ਮਿਆਦ ਦੇ ਵੱਖ-ਵੱਖ ਡਿਪਲੋਮਾ ਕੋਰਸ ਕੀਤੇ ਹਨ। ਫਰਮ ਦਾ ਮਾਲਕ ਇਸ ਵੇਲੇ ਦੁਬਈ ਵਿੱਚ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਜਦੋਂਕਿ ਵਿਦਿਆਰਥੀ ਵਿੱਚ-ਵਿਚਾਲੇ ਫਸੇ ਹਨ।




ਸੜਕਾਂ ’ਤੇ ਉਤਰਨ ਲਈ ਮਜਬੂਰ ਵਿਦਿਆਰਥੀਆਂ ਨੇ ਅਜੇ ਪਿਛਲੇ ਸਾਲ ਦੀ ਪੜ੍ਹਾਈ ਪੂਰੀ ਕੀਤੀ ਹੈ ਅਤੇ ਉਨ੍ਹਾਂ ਉਦੋਂ ਹੀ ਵਰਕ ਪਰਮਿਟ ਅਪਲਾਈ ਕਰ ਦਿੱਤੇ ਸਨ; ਹਾਲਾਂਕਿ ਜੁਲਾਈ ਦੇ ਅੱਧ ਵਿੱਚ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ) ਨੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ। ਉਨ੍ਹਾਂ ਦੀਆਂ ਅਰਜ਼ੀਆਂ ਇਸ ਆਧਾਰ ’ਤੇ ਰੱਦ ਕੀਤੀਆਂ ਗਈਆਂ ਕਿ ਉਨ੍ਹਾਂ ਦੇ ਪ੍ਰੋਗਰਾਮ ‘ਪ੍ਰਵਾਨਿਤ ਨਹੀਂ’ ਸਨ, ਜਿਸ ਕਰ ਕੇ ਉਹ ਵਰਕ ਪਰਮਿਟਾਂ ਲਈ ਅਯੋਗ ਹੋ ਗਏ। ਹੁਣ ਉਨ੍ਹਾਂ ਨੂੰ ਨਿਆਇਕ ਨਜ਼ਰਸਾਨੀ ਲਈ ਅਪਲਾਈ ਕਰਨਾ ਪਿਆ ਹੈ। ਵਿਦਿਆਰਥੀਆਂ ਨੇ ਪੰਜਾਬੀ ਮੂਲ ਦੇ ਕੈਨੇਡੀਅਨ ਸੰਸਦ ਮੈਂਬਰ ਸੁਖ ਧਾਲੀਵਾਲ ਤੇ ਪੰਜਾਬੀ ਭਾਈਚਾਰੇ ਤੱਕ ਪਹੁੰਚ ਕੀਤੀ ਹੈ। ਜੇ ਇਨ੍ਹਾਂ ਵਿਦਿਆਰਥੀਆਂ ਨੂੰ ਕੋਈ ਰਾਹਤ ਨਾ ਮਿਲੀ ਤਾਂ ਉਨ੍ਹਾਂ ਨੂੰ ਅਗਲੇ 70 ਦਿਨਾਂ ’ਚ ਵਾਪਸ ਪੰਜਾਬ ਮੁੜਨਾ ਹੋਵੇਗਾ।

ਅਲਬਰਟਾ ਦੇ ਪ੍ਰੀਮੀਅਰ (ਮੁੱਖ ਮੰਤਰੀ) ਡੈਨੀਅਲ ਸਮਿਥ ਨੇ ਕਿਹਾ, ‘‘ਮੈਂ ਪੋਰਟੇਜ ਕਾਲਜ ਨੂੰ ‘ਡਿਪਲੋਮਾ ਮਿਲ’ ਨਹੀਂ ਕਹਾਂਗਾ। ਪਰ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਕਿ ਬੇਈਮਾਨ ਲੋਕਾਂ ਨੇ ਡਿਪਲੋਮਾ ਦੇਣ ਵਾਲੀਆਂ ਸੰਸਥਾਵਾਂ ਖੋਲ੍ਹੀਆਂ ਤੇ ਵਿਦਿਆਰਥੀਆਂ ਦਾ ਫਾਇਦਾ ਚੁੱਕਿਆ। ਜੇ ਤੁਸੀਂ ਵਿਦਿਆਰਥੀ ਵੀਜ਼ੇ ’ਤੇ ਆਏ ਹੋ ਤੇ ਤੁਹਾਡਾ ਵੀਜ਼ਾ ਖ਼ਤਮ ਹੋ ਚੁੱਕਾ, ਤੁਹਾਡੇ ਕੋਲ ਪੀ ਆਰ ਨਹੀਂ ਹੈ ਤਾਂ ਤੁਹਾਨੂੰ ਮੁੜਨਾ ਹੋਵੇਗਾ। ਸੀਨੀਅਰ ਭਾਜਪਾ ਆਗੂ ਸੁਨੀਲ ਜਾਖੜ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕੇਂਦਰੀ ਵਿਦੇਸ਼ ਮੰਤਰਾਲੇ ਤੇ ਕੈਨੇਡਾ ਦੇ ਸਾਰੇ ਪੰਜਾਬ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਦਖ਼ਲ ਦੇਣ।

ਉੱਧਰ, ਕੈਨੇਡਾ ਆਧਾਰਿਤ ਵਕੀਲ ਕੰਵਰ ਸਿਰਾਹ, ਜਿਸ ਨੇ ਸੀ ਆਈ ਓ ਟੀ ਦੇ ਇਮੀਗ੍ਰੇਸ਼ਨ ਫਰਮ ਨਾਲ ਕੁਨੈਕਸ਼ਨ ਬਾਰੇ ਸਭ ਤੋਂ ਪਹਿਲਾਂ ਵੇਰਵੇ ਦਿੱਤੇ ਸਨ, ਨੇ ਕਿਹਾ ਕਿ ਉਸ ਨੂੰ ਆਪਣੇ ਬਿਆਨਾਂ ਲਈ ਜਲੰਧਰ ਤੋਂ ਕਾਨੂੰਨੀ ਨੋਟਿਸ ਮਿਲਿਆ ਹੈ। ਜਲੰਧਰ ਦੇ ਨਿਊ ਜਵਾਹਰ ਨਗਰ ਮੁਹੱਲੇ ’ਚ ਰਹਿੰਦੇ ਇਮੀਗ੍ਰੇਸ਼ਨ ਏਜੰਟ ਤੋਂ ਰਿਐਲਟਰ ਬਣੇ ਨਾਲ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਸੰਪਰਕ ਨਹੀਂ ਹੋ ਸਕਿਆ। ਉਂਝ, ਇਮੀਗ੍ਰੇਸ਼ਨ ਕਾਰੋਬਾਰ ਵਿਚਲੇ ਉਸ ਦੇ ਨੇੜਲੇ ਦੋਸਤਾਂ ਨੇ ਕਿਹਾ ਕਿ ਕੈਨੇਡਾ ਸਰਕਾਰ ਸਮੇਂ-ਸਮੇਂ ਉੱਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੇਮਾਂ ’ਚ ਫੇਰਬਦਲ ਕਰਦੀ ਹੈ। ਫਰਮ ਵਿਦਿਆਰਥੀਆਂ ਨੂੰ ਕਾਨੂੰਨੀ ਤਰੀਕੇ ਨਾਲ ਹੀ ਕੈਨੇਡਾ ਲੈ ਕੇ ਗਈ ਸੀ।

# ਕੈਨੇਡਾ ਸਰਕਾਰ 3 ਹਜ਼ਾਰ ਪ੍ਰਵਾਸੀਆਂ ਨੂੰ ਦੇਵੇਗੀ ਪੀ ਆਰ




**ਟੋਰਾਂਟੋ** : ਤਿੰਨ ਹਜ਼ਾਰ ਪ੍ਰਵਾਸੀਆਂ ਨੂੰ ਕੈਨੇਡਾ ਦੀ ਪੀ.ਆਰ. ਲਈ ਸੱਦਾ ਦਿੰਦਿਆਂ ਇੰਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਅਗਸਤ ਮਹੀਨੇ ਦਾ ਦੂਜਾ ਡਰਾਅ ਕੱਢਿਆ ਗਿਆ ਹੈ। ਕੈਨੇਡੀਅਨ ਐਕਸਪੀਰੀਐਂਸ ਕਲਾਸ ਵਾਲੇ ਡਰਾਅ ਦੌਰਾਨ ਸੀ.ਆਰ.ਐਸ. ਸਕੋਰ 516 ਰਿਹਾ ਪਰ 22 ਜੁਲਾਈ ਨੂੰ ਕੱਢੇ ਫਰੈਂਚ ਭਾਸ਼ਾ ਵਿਚ ਮੁਹਾਰਤ ਵਾਲੇ ਡਰਾਅ ਦੌਰਾਨ ਸੀ.ਆਰ.ਐਸ. ਸਕੋਰ 399 ਦਰਜ ਕੀਤਾ ਗਿਆ।

ਦੱਸ ਦੇਈਏ ਕਿ 21 ਜੁਲਾਈ ਨੂੰ 2 ਹਜ਼ਾਰ ਪ੍ਰਵਾਸੀਆਂ ਨੂੰ ਐਕਸਪ੍ਰੈਸ ਐਂਟਰੀ ਦੇ ਡਰਾਅ ਤਹਿਤ ਪੀ.ਆਰ. ਦੇ ਸੱਦੇ ਭੇਜੇ ਗਏ ਜਦਕਿ 4 ਅਗਸਤ ਨੂੰ ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਅਧੀਨ ਪਰਮਾਨੈਂਟ ਰੈਜ਼ੀਡੈਂਸੀ ਦੀਆਂ ਅਰਜ਼ੀਆਂ ਮੰਗੀਆਂ ਗਈਆਂ। ਪ੍ਰੋਵਿਨਸ਼ੀਅਲ ਨੌਮੀਨੇਸ਼ਨ ਤੋਂ ਬਗੈਰ 516 ਦਾ ਸੀ.ਆਰ.ਐਸ. ਸਕੋਰ ਹਾਸਲ ਕਰਨਾ ਉਮੀਦਵਾਰਾਂ ਵਾਸਤੇ ਸੌਖਾ ਨਹੀਂ ਕਿਉਂਕਿ ਮੁਕਾਬਲਾ ਬੇਹੱਦ ਸਖ਼ਤ ਚੱਲ ਰਿਹਾ ਹੈ। ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ 30 ਸਾਲ ਦਾ ਇਕ ਉਮੀਦਵਾਰ ਜਿਸ ਕੋਲ ਮਾਸਟਰਜ਼ ਡਿਗਰੀ ਅਤੇ ਤਿੰਨ ਸਾਲ ਦਾ ਕੈਨੇਡੀਅਨ ਤਜਰਬਾ ਹੋਵੇ, ਦਾ ਸਕੋਰ 506 ਤੋਂ 516 ਦਰਮਿਆਨ ਬਣਦਾ ਹੈ ਜਦਕਿ ਨੌਕਰੀ ਦੀ ਪੇਸ਼ਕਸ਼ ਵੱਖਰੇ ਤੌਰ ’ਤੇ ਲੋੜੀਂਦੀ ਹੈ।



# PUNJABI JOURNAL

Volume: 19, Issue: 31 || Ph: 604-312-5678 || Friday, Aug 07, 2026


## ਕੈਨੇਡਾ ਦੇ ਵਸਨੀਕਾਂ ਦੀ ਕਮਾਈ ਵਿਚ ਹੋਇਆ ਵਾਧਾ

ਟੋਰਾਂਟੋ : ਕੈਨੇਡਾ ਵਾਲਿਆਂ ਦੀ ਕਮਾਈ ਵਿਚ ਵਾਧਾ ਹੋ ਰਿਹਾ ਹੈ ਪਰ ਖਰਚੇ ਘਟਾਉਣ ਵਾਸਤੇ ਮਜਬੂਰ ਹੋ ਰਹੇ ਹਨ। ਜੀ ਹਾਂ, ਤਾਜ਼ਾ ਅੰਕੜੇ ਰੁਜ਼ਗਾਰ ਖੇਤਰ ਦੀ ਵੰਨ-ਸੁਵੰਨੀ ਤਸਵੀਰ ਪੇਸ਼ ਕਰਦੇ ਹਨ ਜਿਨ੍ਹਾਂ ਮੁਤਾਬਕ ਇਕ ਕੈਨੇਡੀਅਨ ਦੀ ਔਸਤ ਹਫ਼ਤਾਵਰੀ ਕਮਾਈ ਵਧ ਕੇ 1338 ਡਾਲਰ ਹੋ ਗਈ ਹੈ ਅਤੇ ਸਾਲਾਨਾ ਆਧਾਰ 'ਤੇ 3.4 ਫ਼ੀ ਸਦੀ ਵਾਧਾ ਦਰਜ ਕੀਤਾ ਗਿਆ ਹੈ। 'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਰਾਜਾਂ ਦੇ ਹਿਸਾਬ ਨਾਲ ਨੂਨਾਵਤ ਦੇ ਲੋਕ ਸਭ ਤੋਂ ਵੱਧ 1,862 ਡਾਲਰ ਹਰ ਹਫ਼ਤੇ ਕਮਾ ਰਹੇ ਹਨ ਅਤੇ ਇਹ ਅੰਕੜਾ ਸਭ ਤੋਂ ਹੇਠਲੀ ਕਮਾਈ ਵਾਲੇ ਸੂਬੇ ਵਿਚ ਮਿਲ ਰਹੇ ਮਿਹਨਤਾਨੇ ਤੋਂ 700 ਡਾਲਰ ਵੱਧ ਬਣਦਾ ਹੈ।



**ਮਹਿੰਗਾਈ ਨੇ ਖ਼ਰਚੇ ਘਟਾਉਣ ਵਾਸਤੇ ਕੀਤਾ ਮਜਬੂਰ:**

ਇਕ ਸਾਲ ਪਹਿਲਾਂ ਨੂਨਾਵਤ ਦੇ ਲੋਕਾਂ ਦੀ ਔਸਤ ਕਮਾਈ 1,747 ਡਾਲਰ ਦਰਜ ਕੀਤੀ ਗਈ ਅਤੇ ਹੁਣ ਹਰ ਹਫ਼ਤੇ 115 ਡਾਲਰ ਵੱਧ ਮਿਲ ਰਹੇ ਹਨ। ਨੌਰਥ ਵੈਸਟ ਟੈਰੀਟ੍ਰੀਜ਼ ਵਿਚ ਇਕ ਹਫ਼ਤੇ ਦੀ ਔਸਤ ਕਮਾਈ 1,765 ਡਾਲਰ, ਯੂਕੋਨ ਵਿਚ 1,505 ਡਾਲਰ, ਐਲਬਰਟਾ ਵਿਚ 1,378 ਡਾਲਰ, ਉਨਟਾਰੀਓ ਵਿਚ 1,377 ਡਾਲਰ, ਬ੍ਰਿਟਿਸ਼ ਕੋਲੰਬੀਆ ਵਿਚ 1,354 ਡਾਲਰ, ਸਸਕੈਚਵਨ ਵਿਚ 1,298 ਡਾਲਰ ਅਤੇ ਕਿਊਬੈਕ ਵਿਚ 1,266 ਡਾਲਰ ਬਣਦੀ ਹੈ। ਮੈਨੀਟੋਬਾ, ਨੋਵਾ ਸਕੋਸ਼ੀਆ ਅਤੇ ਨਿਊ ਬ੍ਰਨਜ਼ਵਿਕ ਦੇ ਲੋਕਾਂ ਨੂੰ 1,200 ਡਾਲਰ ਤੋਂ ਵੱਧ ਆਮਦਨ ਹੋ ਰਹੀ ਹੈ ਪਰ ਪ੍ਰਿੰਸ ਐਡਵਰਡ ਆਇਲੈਂਡ ਵਿਚ ਅੰਕੜਾ 1,189 ਡਾਲਰ ਦਰਜ ਕੀਤਾ ਗਿਆ ਹੈ। ਇਕ ਪਾਸੇ ਉਜਰਤ ਦਰਾਂ ਵਧ ਰਹੀਆਂ ਹਨ ਤਾਂ ਦੂਜੇ ਪਾਸੇ ਮਹਿੰਗਾਈ ਕੈਨੇਡੀਅਨ ਪਰਵਾਰਾਂ ਨੂੰ ਬਜਟ ਕਟੌਤੀ ਵਾਸਤੇ ਮਜਬੂਰ ਕਰ ਰਹੀ ਹੈ। ਟੀ.ਡੀ. ਦੇ ਤਾਜ਼ਾ ਸਰਵੇਖਣ ਮੁਤਾਬਕ ਤਕਰੀਬਨ 35 ਫ਼ੀ ਸਦੀ ਲੋਕਾਂ ਨੇ ਮੌਜੂਦਾ ਗਰਮੀਆਂ ਦੌਰਾਨ ਖ਼ਰਚਾ ਘਟਾਉਣ ਦਾ ਟੀਚਾ ਮਿੱਥਿਆ ਹੈ ਅਤੇ ਇਸ ਦਾ ਮੁੱਖ ਕਾਰਨ ਗਰੌਸਰੀ, ਫ਼ਿਊਲ ਅਤੇ ਰਿਹਾਇਸ਼ ਉਤੇ ਵਧ ਰਿਹਾ ਖ਼ਰਚ ਹੈ।

**ਨੂਨਾਵਤ ਵਿਚ ਔਸਤ ਹਫ਼ਤਾਵਰੀ ਕਮਾਈ 1,862 ਡਾਲਰ:**

ਸਟੈਟਸਕੈਨ ਦੇ ਅੰਕੜਿਆਂ ਮੁਤਾਬਕ ਗਰੌਸਰੀ ਕੀਮਤਾਂ ਵਧਣ ਦੀ ਰਫ਼ਤਾਰ ਕੁਲ ਮਹਿੰਗਾਈ ਤੋਂ ਜ਼ਿਆਦਾ ਤੇਜ਼ ਹੈ ਅਤੇ 17 ਮਹੀਨੇ ਤੋਂ ਇਹੋ ਰੁਝਾਨ ਚੱਲ ਰਿਹਾ ਹੈ। ਮਿਸਾਲ ਵਜੋਂ ਜੂਨ ਮਹੀਨੇ ਦੌਰਾਨ ਤੇਲ ਕੀਮਤਾਂ ਵਿਚ ਕਮੀ ਕਰ ਕੇ ਕੁਲ ਮਹਿੰਗਾਈ ਦਰ 2.8 ਫ਼ੀ ਸਦੀ ਦਰਜ ਕੀਤੀ ਗਈ ਪਰ ਖ਼ੁਰਾਕੀ ਵਸਤਾਂ ਮਹਿੰਗੀਆਂ ਹੋਣ ਦੀ ਰਫ਼ਤਾਰ 3.9 ਫ਼ੀ ਸਦੀ ਰਹੀ। ਟਮਾਟਰ 31.7 ਫ਼ੀ ਸਦੀ ਮਹਿੰਗੇ ਹੋਏ ਜਦਕਿ ਲੈਟਸ ਦੀਆਂ ਕੀਮਤਾਂ 19.3 ਫ਼ੀ ਸਦੀ ਵਧੀਆਂ। ਇਸੇ ਤਰ੍ਹਾਂ ਗਾਜਰਾਂ ਦਾ ਭਾਅ 16 ਫ਼ੀ ਸਦੀ ਵਧਿਆ ਜਦਕਿ ਤਾਜ਼ਾ ਜਾਂ ਫ਼ਰੋਜ਼ਨ ਬੀਫ਼ 14 ਫ਼ੀ ਸਦੀ ਤੱਕ ਮਹਿੰਗਾ ਹੋਇਆ।

**ਉਨਟਾਰੀਓ 'ਚ 1,377 ਡਾਲਰ ਅਤੇ ਬੀ.ਸੀ. ਵਿਚ 1,354 ਡਾਲਰ ਕਮਾਈ:**

ਦੂਜੇ ਪਾਸੇ ਰੁਜ਼ਗਾਰ ਖੇਤਰ ਵਿਚ ਪੈਦਾ ਰਹੀਆਂ ਅਸਾਮੀਆਂ ਦੀ ਗੱਲ ਕੀਤੀ ਜਾਵੇ ਤਾਂ ਕੰਸਟ੍ਰਕਸ਼ਨ ਸੈਕਟਰ ਵਿਚ 18.4 ਫ਼ੀ ਸਦੀ ਨੌਕਰੀਆਂ ਵਧੀਆਂ ਜਦਕਿ ਸਾਇੰਸ ਅਤੇ ਤਕਨੀਕ ਦੇ ਖੇਤਰ ਵਿਚ ਰੁਜ਼ਗਾਰ ਦੇ ਮੌਕੇ 13.8 ਫ਼ੀ ਸਦੀ ਵਧੇ।

ਫਾਇਨੈਂਸ ਐਂਡ ਇੰਸ਼ੋਰੈਂਸ ਸੈਕਟਰ ਵਿਚ ਰੁਜ਼ਗਾਰ ਦੇ ਮੌਕਿਆਂ ਵਿਚ 10.7 ਫ਼ੀ ਸਦੀ ਵਾਧਾ ਦਰਜ ਕੀਤਾ ਗਿਅ ਜਦਕਿ ਰੀਅਲ ਅਸਟੇਟ ਅਤੇ ਰੈਂਟਲ ਐਂਡ ਲੀਜ਼ਿੰਗ ਸੈਕਟਰ ਵਿਚ 25 ਫ਼ੀ ਸਦੀ ਵਾਧਾ ਹੋਇਆ ਪਰ ਹੈਲਥ ਕੇਅਰ ਅਤੇ ਸੋਸ਼ਲ ਅਸਿਸਟੈਂਸ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਘਟੇ। ਰਾਜਾਂ ਦੇ ਹਿਸਾਬ ਨਾਲ ਉਨਟਾਰੀਓ ਵਿਚ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਰਫ਼ਤਾਰ ਸਭ ਤੋਂ ਵੱਧ 5.6 ਫ਼ੀ ਸਦੀ ਦਰਜ ਕੀਤੀ ਗਈ।

## ਬੀ.ਸੀ. ਵਿਚ ਪੰਜਾਬੀ ਨੌਜਵਾਨ ਲਾਪਤਾ



**ਡੈਲਟਾ** : ਕੈਨੇਡਾ ਵਿਚ ਲਾਪਤਾ ਪੰਜਾਬੀ ਨੌਜਵਾਨ ਦੀ ਭਾਲ ਵਿਚ ਜੁਟੀ ਪੁਲਿਸ ਵੱਲੋਂ ਲੋਕਾਂ ਤੋਂ ਮਦਦ ਮੰਗੀ ਗਈ ਹੈ। ਡੈਲਟਾ ਪੁਲਿਸ ਨੇ ਦੱਸਿਆ ਕਿ 29 ਸਾਲਾ ਰਾਯਨ ਬੈਂਸ ਨੂੰ 2 ਅਗਸਤ ਦੀ ਸਵੇਰ ਆਖਰੀ ਵਾਰ ਦੇਖਿਆ ਗਿਆ। ਪੁਲਿਸ ਨੇ ਰਾਯਨ ਬੈਂਸ ਦਾ ਹੁਲੀਆ ਜਾਰੀ ਕਰਦਿਆਂ ਕਿਹਾ ਕਿ ਉਸ ਦਾ ਕੱਦ 6 ਫੁੱਟ 1 ਇੰਚ ਅਤੇ ਪਤਲਾ ਸਰੀਰ ਹੈ। ਅੱਖਾਂ ਭੂਰੀਆਂ ਅਤੇ ਛੋਟੇ ਕਾਲੇ ਵਾਲਾਂ ਤੋਂ ਇਲਾਵਾ ਹਲਕੀ ਦਾੜ੍ਹੀ ਰੱਖੀ ਹੋਈ ਹੈ।

**ਭਾਲ ਵਿਚ ਜੁਟੀ ਡੈਲਟਾ ਪੁਲਿਸ ਨੇ ਲੋਕਾਂ ਤੋਂ ਮੰਗੀ ਮਦਦ:**

ਪੁਲਿਸ ਦੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਰਾਯਨ ਬੈਂਸ ਨੇ ਆਪਣੀ ਗੱਡੀ ਐਨਾਚੀਸ ਆਇਲੈਂਡ ਵਿਖੇ ਪਾਰਕ ਕੀਤੀ ਅਤੇ ਐਲੈਕਸ ਫ਼ਰੇਜ਼ਰ ਬ੍ਰਿਜ ਵੱਲ ਪੈਦਲ ਹੀ ਰਵਾਨਾ ਹੋਇਆ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ 2 ਅਗਸਤ ਨੂੰ ਸਵੇਰੇ ਸਵਾ ਅੱਠ ਵਜੇ ਤੋਂ ਸ਼ਾਮ ਸਾਢੇ ਚਾਰ ਵਜੇ ਤੱਕ ਦੀ ਕੋਈ ਵੀਡੀਓ ਜਾਂ ਡੈਸ਼ਕੈਮ ਫੁਟੇਜ ਹੋਵੇ ਤਾਂ ਜਾਂਚਕਰਤਾਵਾਂ ਨਾਲ 604 946 4411 'ਤੇ ਸੰਪਰਕ ਕੀਤਾ ਜਾਵੇ।


WCC WESTERN COMMUNITY COLLEGE

JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

| MASSAGE THERAPY<br>GRADUATE IN 52 WEEKS | AVIATION<br>EARN YOUR PPL & CPL | PHARMACY TECHNICIAN<br>HIGH-DEMAND, HIGH-PAYING FIELD |
|---|---|---|

APPLY NOW: WCC.CA



# ਕੈਨੇਡਾ ਵਿਚ ਇਕ ਨੌਜਵਾਨ ਨੇ ਪੱਕਾ ਨਾ ਹੋਣ ’ਤੇ ਦਿੱਤੀ ਜਾਨ

**ਵਿੰਨੀਪੈਗ** : ਕੈਨੇਡਾ ਦੀ ਪੀ.ਆਰ. ਜਾਂ ਵਰਕ ਪਰਮਿਟ ਪੰਜਾਬੀ ਨੌਜਵਾਨਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣਦਾ ਜਾ ਰਿਹਾ ਹੈ। ਜੀ ਹਾਂ, ਸੁਨਹਿਰੀ ਭਵਿੱਖ ਦੇ ਸੁਪਨੇ ਖੇਰੂੰ ਖੇਰੂੰ ਕਰਨ ਮਗਰੋਂ ਇੰਮੀਗ੍ਰੇਸ਼ਨ ਸਟੇਟਸ ਦੀ ਚਿੰਤਾ ਨੇ ਨੌਜਵਾਨਾਂ ਨੂੰ ਨਿਗਲਣਾ ਸ਼ੁਰੂ ਕਰ ਦਿਤਾ ਹੈ। ਤਾਜ਼ਾ ਮਾਮਲਾ ਵਿੰਨੀਪੈਗ ਤੋਂ ਸਾਹਮਣੇ ਆਇਆ ਹੈ ਜਿਥੇ ਪ੍ਰਭਦੀਪ ਸਿੰਘ ਵੱਲੋਂ ਚੁੱਕਿਆ ਕਦਮ ਮਾਪਿਆਂ ਨੂੰ ਕੱਖੋਂ ਹੌਲਾ ਕਰ ਗਿਆ।

ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਪ੍ਰਭਦੀਪ ਸਿੰਘ 2021 ਵਿਚ ਸਟੱਡੀ ਵੀਜ਼ਾ ’ਤੇ ਕੈਨੇਡਾ ਪੁੱਜਾ ਪਰ ਵੱਡੀ ਗਿਣਤੀ ਵਿਚ ਇੰਟਰਨੈਸ਼ਨਲ ਸਟੂਡੈਂਟਸ ਵਾਂਗ ਸਮੱਸਿਆਵਾਂ ਵਿਚ ਘਿਰ ਗਿਆ।

ਮਾਪਿਆਂ ਤੋਂ ਹਜ਼ਾਰਾਂ ਮੀਲ ਦੂਰ ਪ੍ਰਭਦੀਪ ਸਿੰਘ ਮਾਨਸਿਕ



ਬੋਝ ਬਰਦਾਸ਼ਤ ਨਾ ਕਰ ਸਕਿਆ ਜਿਸ ਦੀ ਲਾਸ਼ ਯੂਨੀਵਰਸਿਟੀ ਆਫ਼ ਮੈਨੀਟੋਬਾ ਨੇੜਲੇ ਜੰਗਲੀ ਇਲਾਕੇ ਵਿਚੋਂ ਮਿਲੀ।

**ਜੰਗਲੀ ਇਲਾਕੇ ’ਚੋਂ ਮਿਲੀ ਪ੍ਰਭਦੀਪ ਸਿੰਘ ਦੀ ਦੇਹ:**

ਕਿਰਤਅਸ਼ੀਸ਼ ਸਰਾਂ ਨੇ ਗੋਫੰਡਮੀ ਪੇਜ ਸਥਾਪਤ ਕਰਦਿਆਂ ਦੱਸਿਆ ਕਿ ਪ੍ਰਭਦੀਪ ਸਿੰਘ ਦੀ ਦੇਹ ਇੰਡੀਆ ਭੇਜਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਦੂਜੇ ਪਾਸੇ ਅਮਰੀਕਾ ਵਿਚ ਡੌਨਲਡ ਟਰੰਪ ਦੇ ਇੰਮੀਗ੍ਰੇਸ਼ਨ ਏਜੰਟ ਪੰਜਾਬੀ ਨੌਜਵਾਨਾਂ ਨੂੰ ਸਾਹ ਨਹੀਂ ਲੈਣ ਦੇ ਰਹੇ ਅਤੇ ਹਰ ਵੇਲੇ ਦੇਸ਼ ਨਿਕਾਲੇ ਦਾ ਡਰ ਸਤਾਉਂਦਾ ਰਹਿੰਦਾ ਹੈ।

ਰੋਜ਼ਵਿਲ, ਕੈਲੇਫੋਰਨੀਆ ਦੇ ਬਲਿਹਾਰ ਸਿੰਘ ਨੇ ਦੱਸਿਆ ਕਿ ਮਾਪਿਆਂ ਦਾ ਇਕਲੌਤਾ ਪੁੱਤ ਖੁਸ਼ਕਰਨਦੀਪ ਸਿੰਘ ਅਚਨਚੇਤ ਸਦੀਵੀ ਵਿਛੋੜਾ ਦੇ ਗਿਆ। ਖੁਸ਼ਕਰਨਦੀਪ ਦੇ ਮਾਪਿਆਂ ਨੇ ਲੱਖਾਂ ਰੁਪਏ ਦਾ ਕਰਜ਼ਾ ਚੁੱਕ ਕੇ ਉਸ ਨੂੰ ਅਮਰੀਕਾ ਭੇਜਿਆ ਪਰ ਅਣਹੋਣੀ ਨੇ ਸਭ ਕੁਝ ਖ਼ਤਮ ਕਰ ਦਿਤਾ।

ਖੁਸ਼ਕਰਨਦੀਪ ਸਿੰਘ ਦੀ ਦੇਹ ਇੰਡੀਆ ਭੇਜਣ ਲਈ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ ਅਤੇ ਅੰਤਮ ਰਿਪੋਰਟ ਮਿਲਣ ਤੱਕ 13 ਹਜ਼ਾਰ ਡਾਲਰ ਦੇ ਟੀਚੇ ਵਿਚੋਂ 9 ਹਜ਼ਾਰ ਡਾਲਰ ਇਕੱਤਰ ਹੋ ਚੁੱਕੇ ਸਨ।

# ਪੰਜਾਬਣ ਨੇ ਜਿੱਤਿਆ ਕੈਨੇਡਾ ਵਰਲਡ 2026 ਦਾ ਤਾਜ




**ਜਲੰਧਰ:** ਪੰਜਾਬ ਦੇ ਜ਼ਿਲਾ ਜਲੰਧਰ ਦੇ ਸ਼ਹਿਰ ਗੁਰਾਇਆ ਦੀ ਧੀ ਨੇ ਵਿਦੇਸ਼ ਦੀ ਧਰਤੀ ’ਤੇ ਆਪਣੇ ਝੰਡੇ ਗੱਡੇ ਹਨ ਅਤੇ ਕੈਨੇਡਾ ਵਿਚ ਹੋਏ ਮੁਕਾਬਲਿਆਂ ਵਿਚ ਮਿਸਿਜ਼ ਕੈਨੇਡਾ ਵਰਲਡ ਦਾ ਤਾਜ ਜਿੱਤ ਕੇ ਸੂਬੇ ਦਾ ਨਾਂ ਰੋਸ਼ਨ ਕੀਤਾ ਹੈ।

ਪੱਲਵੀ ਮੁਖੀਜਾ ਨੇ ਸਰੀ, ਬ੍ਰਿਟਿਸ਼ ਕੋਲੰਬੀਆ ਦੇ ਬੈੱਲ ਪਰਫ਼ਾਰਮਿੰਗ ਆਰਟਸ ਸੈਂਟਰ ਵਿਖੇ ਹੋਏ ਰਾਸ਼ਟਰੀ ਮੁਕਾਬਲੇ ਵਿਚ ਮਿਸਿਜ਼ ਕੈਨੇਡਾ ਵਰਲਡ 2026 ਦਾ ਤਾਜ ਆਪਣੇ ਨਾਂ ਕੀਤਾ।

ਮੂਲ ਰੂਪ ਵਿਚ ਗੁਰਾਇਆ ਨਾਲ ਸਬੰਧਤ ਅਤੇ ਇਸ ਸਮੇਂ ਕੈਨੇਡਾ ਵਿਚ ਰਹਿ ਰਹੀ ਬਾਲ ਕ੍ਰਿਸ਼ਨ ਮੁਖੀਜਾ ਅਤੇ ਡਿੰਪਲ ਮੁਖੀਜਾ ਦੀ ਵੱਡੀ ਧੀ ਪੱਲਵੀ ਨੇ ਇਹ ਵੱਕਾਰੀ ਖ਼ਿਤਾਬ ਜਿੱਤ ਕੇ ਆਪਣੇ ਦੇਸ਼ ਦਾ ਮਾਣ ਵਧਾਇਆ। ਪੱਲਵੀ ਨੇ ਕਿਹਾ ਕਿ ‘ਮੇਰੇ ਲਈ ਇਹ ਤਾਜ ਸਿਰਫ਼ ਇਕ ਪ੍ਰਾਪਤੀ ਨਹੀਂ, ਸਗੋਂ ਇਕ ਮਕਸਦ ਨਾਲ ਜੁੜਿਆ ਪਲੇਟਫ਼ਾਰਮ ਹੈ।

# ਕੈਨੇਡਾ ਨੂੰ ਹੁਣ ਵੀ ਵਿਦੇਸ਼ੀ ਵਿਦਿਆਰਥੀਆਂ ਦੀ ਉਡੀਕ: ਕੈਨੇਡਿਆਈ ਰਾਜਦੂਤ

**ਦਿੱਲੀ** – ਭਾਰਤ ਵਿਚ ਕੈਨੇਡਾ ਦੇ ਰਾਜਦੂਤ ਕ੍ਰਿਸਟੋਫਰ ਕੂਟਰਸ ਨੇ ਕਿਹਾ ਹੈ ਕਿ ਕੈਨੇਡਾ ਜ਼ਿਆਦਾ ਕੌਮਾਂਤਰੀ ਵਿਦਿਆਰਥੀਆਂ ਦਾ ਸਵਾਗਤ ਕਰਨਾ ਚਾਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਰਿਹਾਇਸ਼ ਦੀ ਵਧਦੀ ਲਾਗਤ ਕਾਰਨ ਕਈ ਕੈਨੇਡਿਆਈ ਨੌਜਵਾਨਾਂ ਲਈ ਆਜ਼ਾਦ ਤੌਰ ’ਤੇ ਰਹਿਣਾ ਮਹਿੰਗਾ ਹੁੰਦਾ ਜਾ ਰਿਹਾ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ



ਕਿ ਕੈਨੇਡਾ ਵਿਚ ਇਕੱਲੇ ਜਿੰਨੇ ਕੌਮਾਂਤਰੀ ਵਿਦਿਆਰਥੀ ਆਉਂਦੇ ਹਨ, ਓਨੇ ਯੂਰਪੀ ਸੰਘ (ਈ. ਯੂ.), ਯੂਨਾਈਟਿਡ ਕਿੰਗਡਮ (ਯੂ. ਕੇ.) ਤੇ ਆਸਟ੍ਰੇਲੀਆ ਤਿੰਨੋਂ ਦੇਸ਼ਾਂ ਨੂੰ ਮਿਲਾ ਕੇ ਵੀ ਨਹੀਂ ਆਉਂਦੇ। ਰਾਜਦੂਤ ਦੇ ਇਸ ਬਿਆਨ ਨੇ ਕੈਨੇਡਾ ਦੀ ਕੌਮਾਂਤਰੀ ਸਿੱਖਿਆ ਨੀਤੀ, ਰਿਹਾਇਸ਼ ਸੰਕਟ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਭੂਮਿਕਾ ਸਬੰਧੀ ਨਵੀਂ ਚਰਚਾ ਛੇੜ ਦਿੱਤੀ ਹੈ।

ANSATEL COMMUNICATIONS

Helping Lower Mainland Businesses Since 1983

Panasonic
ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

**604-872-6500**

2148 Kingsway, Vancouver [ www.ansatel.com - info@ansatel.com

24/7 SALES & SERVICE

# ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਵੱਲੋਂ ਸਰੀ ਵਿਚ 30ਵਾਂ ‘ਮੇਲਾ ਗ਼ਦਰੀ ਬਾਬਿਆਂ ਦਾ’ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ




**ਸਰੀ**, (ਹਰਦਮ ਮਾਨ)- ਭਾਰਤ ਦੀ ਆਜ਼ਾਦੀ ਦੇ ਮਹਾਨ ਸੰਘਰਸ਼ ਅਤੇ ਵਿਦੇਸ਼ਾਂ ਵਿੱਚ ਪੰਜਾਬੀਆਂ ਦੇ ਹੱਕਾਂ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਗ਼ਦਰੀ ਬਾਬਿਆਂ ਦੀ ਅਦੁੱਤੀ ਕੁਰਬਾਨੀ ਨੂੰ ਨਮਨ ਕਰਦਿਆਂ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੌਮਾਂਤਰੀ ਪੱਧਰ ਦਾ 30ਵਾਂ ‘ਮੇਲਾ ਗ਼ਦਰੀ ਬਾਬਿਆਂ ਦਾ’ ਸਰੀ ਦੇ ਬੇਅਰ ਕਰੀਕ ਪਾਰਕ ਵਿੱਚ ਬੜੀ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀ ਭਰਵੀਂ ਹਾਜਰੀ ਨੇ ਇਹ ਸਾਬਤ ਕਰ ਦਿੱਤਾ ਕਿ ਗ਼ਦਰੀ ਬਾਬਿਆਂ ਦੀ ਸੋਚ ਅਤੇ ਸ਼ਹਾਦਤ ਅੱਜ ਵੀ ਪੰਜਾਬੀ ਭਾਈਚਾਰੇ ਦੇ ਦਿਲਾਂ ਵਿੱਚ ਜ਼ਿੰਦਾ ਹੈ।

ਵਿਸ਼ਾਲ ਮੈਦਾਨ ਵਿੱਚ ਸਜਾਏ ਗਏ ਮੰਚ ਤੋਂ ਲੋਕ ਗਾਇਕ ਸੁਖਵਿੰਦਰ ਸੁੱਖੀ, ਗੋਰਾ ਚੱਕ ਵਾਲਾ, ਗੁਰਵਿੰਦਰ ਬਰਾੜ, ਮਨਜੋਤ ਢਿੱਲੋਂ, ਪ੍ਰੀਆ ਨਿੱਝਰ, ਲਾਡੀ ਪੁਆਧੀ, ਗੋਪੀ ਬਰਾੜ, ਅਨਮੋਲ ਵਿਰਕ, ਰਿਦਮ ਸ਼ਰਮਾ, ਈਸ਼ਾਨ ਸ਼ਰਮਾ, ਫਤਿਹਦੀਪ ਸਿੰਘ, ਦੋਗਾਣਾ ਜੋੜੀ ਲੱਖਾ-ਨਾਜ ਅਤੇ ਅਨਮੋਲ ਰਤਨ ਭੰਗੜਾ ਗਰੁੱਪ ਨੇ ਆਪਣੀਆਂ ਦਿਲਕਸ਼ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਗੁਰਦੀਪ ਭੁੱਲਰ ਦੀ ਕੋਰੀਓਗ੍ਰਾਫੀ ਨੇ ਵੀ ਖ਼ੂਬ ਵਾਹ-ਵਾਹ ਖੱਟੀ ਅਤੇ ਸਰੀ ਦੀਆਂ ਪੰਜਾਬਣਾਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਪੰਜਾਬ ਦੇ ਪੇਂਡੂ ਵਿਰਸੇ ਦੀ ਸੁੰਦਰ ਝਲਕ ਬਣਿਆ। ਸ਼ਾਮ ਤੱਕ ਚੱਲੇ ਇਸ ਮੇਲੇ ਦੌਰਾਨ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਸਭ ਨੇ ਖੁੱਲ੍ਹ ਕੇ ਸੰਗੀਤ ਦੀਆਂ ਸੁਰਾਂ ਦਾ ਆਨੰਦ ਮਾਣਿਆ।

ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਸੀਨੀਅਰ ਮੈਂਬਰ ਕਾਮਰੇਡ ਚਿਰੰਜੀ ਲਾਲ ਨੇ ਆਪਣੇ ਸੰਬੋਧਨ ਵਿੱਚ ਗ਼ਦਰੀ ਬਾਬਿਆਂ ਦੀਆਂ ਅਮਰ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਪਰਵਾਸੀ ਪੰਜਾਬੀਆਂ ਵੱਲੋਂ ਇਤਿਹਾਸਕ ਵਿਰਾਸਤ ਨੂੰ ਇਸ ਤਰ੍ਹਾਂ ਸੰਭਾਲਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਨੇ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਸਰੀ ਦੀ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕੱਲਮ, ਐਮ.ਪੀ. ਸੁਖ ਧਾਲੀਵਾਲ, ਮੰਤਰੀ ਜਗਰੂਪ ਬਰਾੜ, ਡਾ. ਸਾਧੂ ਬਿਨਿੰਗ, ਐਮ.ਐਲ.ਏ. ਮਨਦੀਪ ਸਿੰਘ ਧਾਲੀਵਾਲ ਅਤੇ ਮੇਅਰ ਉਮੀਦਵਾਰ ਹੋਨਵੀਰ ਰੰਧਾਵਾ ਨੇ ਗ਼ਦਰੀ ਬਾਬਿਆਂ ਵੱਲੋਂ ਭਾਰਤ ਦੀ ਆਜ਼ਾਦੀ ਪ੍ਰਤੀ ਜਜ਼ਬੇ ਅਤੇ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਉਹਨਾਂ ਸਦਕਾ ਹੀ ਅੱਜ ਪੰਜਾਬੀ ਭਾਈਚਾਰਾ ਕੈਨੇਡਾ ਵਿਚ ਮਾਣਮੱਤਾ ਜੀਵਨ ਜਿਉਂ ਰਿਹਾ ਹੈ।

ਇਸ ਮੌਕੇ ਡਾ. ਹਾਕਮ ਭੁੱਲਰ, ਸੋਹਣ ਸਿੰਘ ਪੂਨੀ, ਕਾਮਰੇਡ ਚਿਰੰਜੀ ਲਾਲ, ਪਰਮਿੰਦਰ ਸਵੈਚ ਅਤੇ ਸਤਿੰਦਰਪਾਲ ਸਿੰਘ ਸਿੱਧਵਾਂ (ਟੋਰਾਂਟੋ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮੇਲੇ ਵਿੱਚ ਕੌਂਸਲਰ ਉਮੀਦਵਾਰ ਰਿੱਕੀ ਬਾਜਵਾ, ਮਨਦੀਪ ਨਾਗਰਾ, ਮੀਰਾ ਗਿੱਲ, ਡੱਗ ਐਲਫਰਡ, ਸੁਹਾਨਾ ਗਿੱਲ, ਆਸ਼ੀਆਨਾ ਹਨੀਫ, ਪਰਮਿੰਦਰ ਚੌਹਾਨ, ਗਗਨ ਨਾਹਲ, ਕੌਂਸਲਰ ਲਿੰਡਾ ਐਨਿਸ, ਸੁਖਵਿੰਦਰਪਾਲ ਸਿੰਘ, ਇੰਗਲੈਂਡ ਤੋਂ ਸਮਾਜ ਸੇਵੀ ਮੰਗਤ ਸਿੰਘ ਪਲਾਹੀ, ਕੁੰਦਨ ਸਿੰਘ ਰਾਣਾ, ਅਜਮੇਰ ਸਿੰਘ ਢਿੱਲੋਂ, ਅੰਮ੍ਰਿਤਪਾਲ ਢੋਟ, ਗਿਆਨੀ ਨਰਿੰਦਰ ਸਿੰਘ, ਪ੍ਰੀਤਮ ਸਿੰਘ ਭਰੋਵਾਲ, ਸੁਰਜੀਤ ਸਿੰਘ ਮਾਧੋਪਰੀ, ਪਰਮਿੰਦਰ ਸਵੈਚ, ਗੈਰੀ ਥਿੰਦ, ਅੰਗਰੇਜ਼ ਬਰਾੜ, ਸੀ.ਜੇ. ਸਿੱਧੂ, ਮਹੇਸ਼ਇੰਦਰ ਸਿੰਘ ਮਾਂਗਟ, ਜੋਗਿੰਦਰ ਸਿੰਘ, ਜਰਨੈਲ ਸਿੰਘ ਖੰਡੋਲੀ, ਨਵਪ੍ਰੀਤ ਸਿੰਘ ਰੰਗੀ ਅਤੇ ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਮੇਲੇ ਦੇ ਪ੍ਰਬੰਧਕ ਸਾਹਿਬ ਸਿੰਘ ਥਿੰਦ, ਗੁਰਬਾਜ ਸਿੰਘ ਬਰਾੜ, ਕਿਰਨਪਾਲ ਸਿੰਘ ਗਰੇਵਾਲ, ਰਮਿੰਦਰ ਧਾਮੀ, ਸੰਦੀਪ ਤੂਰ, ਸੁਖਬੀਰ ਬੀਹਲਾ ਅਤੇ ਜਸਪਾਲ ਥਿੰਦ ਨੇ ਸਮੂਹ ਸਹਿਯੋਗੀਆਂ, ਕਲਾਕਾਰਾਂ ਅਤੇ ਹਾਜ਼ਰੀਨ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਪ੍ਰਸਿੱਧ ਸੰਗੀਤਕਾਰ ਤੇਜਵੰਤ ਕਿੱਟੂ ਨੇ ਅਗਲੇ ਸਾਲ ਤੋਂ ਮੇਲੇ ਵਿੱਚ ਸੰਗੀਤਕ ਮੁਕਾਬਲੇ ਸ਼ੁਰੂ ਕਰਨ ਦਾ ਸੁਝਾਅ ਦਿੰਦਿਆਂ ਹਰ ਸੰਭਵ ਸਹਿਯੋਗ ਦਾ ਐਲਾਨ ਕੀਤਾ।

ਮੇਲੇ ਵਿੱਚ ਵੱਖ-ਵੱਖ ਸਮਾਜਿਕ, ਸਾਹਿਤਕ ਅਤੇ ਵਪਾਰਕ ਸਟਾਲਾਂ ਨੇ ਵੀ ਲੋਕਾਂ ਦਾ ਖ਼ੂਬ ਧਿਆਨ ਖਿੱਚਿਆ। ਗੁਲਾਟੀ ਪਬਲਿਸ਼ਰ ਵੱਲੋਂ ਲਾਈ ਗਈ ਪੁਸਤਕ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹੀ, ਜਿੱਥੇ ਨਾਮਵਰ ਸ਼ਾਇਰ ਜਸਵਿੰਦਰ, ਹਰਦਮ ਮਾਨ, ਜਸਵੀਰ ਸਿੰਘ ਭਲੂਰੀਆ ਅਤੇ ਪ੍ਰੋ. ਅਮਰਜੀਤ ਭੁੱਲਰ ਨੇ ਲੋਕਾਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਆ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC



- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship

Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6

# ਕਾਂਗਰਸੀ ਵਿਧਾਇਕਾਂ ਵਲੋਂ ਮੁੱਖ ਮੰਤਰੀ ਦੇ ਬਾਈਕਾਟ ਲਈ ਪ੍ਰਦਰਸ਼ਨ





**ਚੰਡੀਗੜ੍ਹ**: ਪੰਜਾਬ ਵਿਧਾਨ ਸਭਾ ਵਿਚ ਸ਼ੁਰੂ ਹੋਏ ਮਾਨਸੂਨ ਇਜਲਾਸ ਦੇ ਦੂਜੇ ਦਿਨ ਕਾਂਗਰਸ ਵਿਧਾਇਕਾਂ ਵਲੋਂ ਅੱਜ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਵਿਧਾਨ ਸਭਾ ਕੰਪਲੈਕਸ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੇ ਬਾਈਕਾਟ ਲਈ ਪ੍ਰਦਰਸ਼ਨ ਕੀਤਾ ਗਿਆ । ਕਾਂਗਰਸ ਵਿਧਾਇਕ ਹੱਥਾਂ ਵਿਚ ਮੁੱਖ ਮੰਤਰੀ ਮਾਨ ਖਿਲਾਫ ਨਾਅਰੇ ਵਾਲੀਆਂ ਤਖ਼ਤੀਆਂ ਲੈ ਕੇ ਵਿਧਾਨ ਸਭਾ ਅੰਦਰ ਦਾਖਲ ਹੋਏ ਅਤੇ ਨਾਅਰੇਬਾਜ਼ੀ ਕਰਦੇ ਹੋਏ ਵਿਧਾਨ ਸਭਾ ਗੈਲਰੀ ਵਿਚ ਜਾ ਪੁੱਜੇ ਤੇ ਨਾਅਰੇ ਲਗਾਏ । ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਬੀਤੇ ਕੱਲ੍ਹ ਸਦਨ ਦੇ ਅੰਦਰ ਉਨ੍ਹਾਂ ਵਲੋਂ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੂੰ ਪੁੱਛਿਆ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਜੋ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੈ ਕੇ ਹੁਕਮ ਦਿੱਤੇ ਹਨ ਕਿ ਉਸ ਵੱਲ ਮੂੰਹ ਨਾ ਕੀਤਾ ਜਾਵੇ ਤੇ ਨਾ ਉਸ ਨੂੰ ਮੂੰਹ ਲਾਇਆ ਜਾਵੇ ਇਸ ਬਾਰੇ ਸਪੀਕਰ ਦਾ ਕੀ ਸਟੈਂਡ ਹੈ, ਤਾਂ ਸਪੀਕਰ ਵਲੋਂ ਕਿਹਾ ਗਿਆ ਕਿ ਸੰਗਤ ਗੁਰੂ ਤੋਂ ਵੀ ਉੱਪਰ ਹੁੰਦੀ ਹੈ ਅਤੇ ਅਸੀਂ ਸੰਗਤ ਦੀ ਭਾਵਨਾ ਅਨੁਸਾਰ ਕੰਮ ਕਰ ਰਹੇ ਹਾਂ, ਪਰ ਇਸ ਗੱਲ ਬਾਰੇ ਜਦੋਂ ਕਾਂਗਰਸ ਵਲੋਂ ਸਿੱਖ ਵਿਦਵਾਨਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਿੱਖ ਸੰਗਤ ਉਹ ਹੁੰਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੀ ਹੋਵੇ, ਪਰ ਸਪੀਕਰ ਵਲੋਂ ਆਪਣੇ ਵਿਧਾਇਕਾਂ ਦੇ ਇਕੱਠ ਨੂੰ ਸੰਗਤ ਦੱਸ ਕੇ ਜੋ ਕਿਹਾ ਹੈ ਉਹ ਸਿੱਧੇ ਤੌਰ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਪੀਕਰ ਜੋ ਕਿ ਅੰਮ੍ਰਿਤਧਾਰੀ ਸਿੱਖ ਹਨ ਉਨ੍ਹਾਂ ਨੂੰ ਸਿੱਖ ਪ੍ਰੰਪਰਾਵਾਂ ’ਤੇ ਪਹਿਰਾ ਦਿੰਦੇ ਹੋਏ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਸ. ਬਾਜਵਾ ਨੇ ਕਿਹਾ ਕਿ ਇਸ ਦੇ ਇਲਾਵਾ ਕਾਂਗਰਸ ਪਾਰਟੀ ਦੇ ਸਮੂਹ ਵਿਧਾਇਕਾਂ ਵਲੋਂ ਇਕਜੁੱਟ ਹੋ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਅਸਤੀਫੇ ਦੀ ਮੰਗ ਕੀਤੀ ਗਈ ਹੈ ਅਤੇ ਇਹ ਮੰਗ ਅੱਗੇ ਵੀ ਜਾਰੀ ਰਹੇਗੀ । ਬਾਜਵਾ ਨੇ ਕਿਹਾ ਕਿ ਅਦਾਲਤ ਵਲੋਂ ਜੋ ਪੰਜਾਬ ਦੇ ਮੁਲਾਜ਼ਮਾਂ ਦੇ ਡੀ.ਏ. ਨੂੰ ਲੈ ਕੇ ਹੁਕਮ ਜਾਰੀ ਕੀਤੇ ਗਏ ਹਨ ਸਰਕਾਰ ਹੁਣ ਉਨ੍ਹਾਂ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਜਾਣ ਦੀ ਬਜਾਏ ਮੁਲਾਜ਼ਮਾਂ ਦੇ ਹੱਕ ਅਦਾ ਕਰੇ । ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਹਰ ਵਰਗ, ਮੁਲਾਜ਼ਮ ਤੇ ਕਾਮੇ ਆਪਣੇ ਹੱਕਾਂ ਲਈ ਸਰਕਾਰ ਖ਼ਿਲਾਫ਼ ਧਰਨੇ ਪ੍ਰਦਰਸ਼ਨ ਕਰ ਰਹੇ ਹਨ ਪਰ ਸਰਕਾਰ ਤਾਨਾਸ਼ਾਹੀ ਵਾਲਾ ਰਵੱਈਆ ਅਪਣਾ ਰਹੀ ਹੈ ਜਿਸ ਨੂੰ ਪੰਜਾਬ ਕਦੇ ਬਰਦਾਸ਼ਤ ਨਹੀਂ ਕਰੇਗਾ।

# ਅਮਰੀਕਾ ਨੇ ਵਿਜ਼ਟਰ ਵੀਜ਼ੇ ’ਤੇ 20 ਹਜ਼ਾਰ ਡਾਲਰ ਦਾ ਬਾਂਡ ਕੀਤਾ ਲਾਜ਼ਮੀ

**ਨਿਊਯਾਰਕ**: ਅਮਰੀਕਾ ਨੇ ਵਿਜ਼ਟਰ ਵੀਜ਼ੇ ਨਾਲ ਜੁੜੇ ਬਾਂਡ ਪ੍ਰੋਗਰਾਮ ਨੂੰ ਹੁਣ ਪੱਕੇ ਤੌਰ ’ਤੇ ਲਾਗੂ ਕਰ ਦਿੱਤਾ ਹੈ। ਨਵੇਂ ਨਿਯਮ ਤਹਿਤ ਚੁਣੇ ਹੋਏ ਦੇਸ਼ਾਂ ਦੇ ਨਾਗਰਿਕਾਂ ਨੂੰ ਬੀ-1 ਕਾਰੋਬਾਰੀ ਜਾਂ ਬੀ-2 ਸੈਲਾਨੀ ਵੀਜ਼ਾ ਲੈਣ ਤੋਂ ਪਹਿਲਾਂ 10,000, 15,000 ਜਾਂ 20,000 ਡਾਲਰ ਦੀ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਣੀ ਪੈ ਸਕਦੀ ਹੈ। ਇਹ ਨਿਯਮ 3 ਅਗਸਤ ਤੋਂ ਲਾਗੂ ਹੋ ਗਿਆ ਹੈ। ਕਿੰਨੀ ਰਕਮ ਭਰਨੀ ਪਵੇਗੀ, ਇਸ ਦਾ ਫ਼ੈਸਲਾ ਵੀਜ਼ਾ ਇੰਟਰਵਿਊ ਦੌਰਾਨ ਅਧਿਕਾਰੀ ਬਿਨੈਕਾਰ ਦੀ ਨੌਕਰੀ, ਆਮਦਨ, ਪੜ੍ਹਾਈ, ਯਾਤਰਾ ਦੇ ਮਕਸਦ ਅਤੇ ਅਮਰੀਕਾ ਨਾਲ ਉਸ ਦੇ ਸਬੰਧਾਂ ਨੂੰ ਦੇਖ ਕੇ ਕਰੇਗਾ।

ਆਮ ਤੌਰ ’ਤੇ ਬਾਂਡ 15,000 ਡਾਲਰ ਰੱਖਿਆ ਜਾਵੇਗਾ, ਪਰ ਹਾਲਾਤ ਅਨੁਸਾਰ ਇਹ 10,000 ਜਾਂ 20,000 ਡਾਲਰ ਵੀ ਹੋ ਸਕਦਾ ਹੈ। ਇਸ ਪ੍ਰੋਗਰਾਮ ’ਚ ਜ਼ਿਆਦਾਤਰ ਅਫ਼ਰੀਕੀ ਦੇਸ਼ਾਂ ਦੇ ਨਾਲ ਬੰਗਲਾਦੇਸ਼, ਨਿਪਾਲ ਤੇ ਭੂਟਾਨ ਵੀ ਸ਼ਾਮਲ ਹਨ। ਭਾਰਤ ਦਾ ਨਾਮ ਫ਼ਿਲਹਾਲ ਇਸ ਸੂਚੀ ’ਚ ਨਹੀਂ ਹੈ। ਇਸ ਕਾਰਨ ਭਾਰਤੀ ਬੀ-1/ਬੀ-2 ਵੀਜ਼ਾ ਬਿਨੈਕਾਰਾਂ ਉੱਤੇ ਇਹ ਬਾਂਡ ਨਿਯਮ ਲਾਗੂ ਨਹੀਂ ਹੋਵੇਗਾ। ਭਵਿੱਖ ’ਚ ਹੋਰ ਦੇਸ਼ਾਂ ਨੂੰ ਵੀ ਸੂਚੀ ’ਚ ਸ਼ਾਮਲ ਕੀਤਾ ਜਾ ਸਕਦਾ ਹੈ। ਜੇ ਯਾਤਰੀ ਵੀਜ਼ੇ ਦੀਆਂ ਸਾਰੀਆਂ ਸ਼ਰਤਾਂ ਮੰਨਦਾ ਹੈ ਤੇ ਮਨਜ਼ੂਰ ਸਮੇਂ ਅੰਦਰ ਅਮਰੀਕਾ ਛੱਡ ਦਿੰਦਾ ਹੈ ਤਾਂ ਬਾਂਡ ਦੀ ਰਕਮ ਵਾਪਸ ਮਿਲ ਜਾਵੇਗੀ।

ਪਰ ਸਮੇਂ ਤੋਂ ਵੱਧ ਰਹਿਣ ਜਾਂ ਨਿਯਮ ਤੋੜਨ ’ਤੇ ਪੂਰੀ ਰਕਮ ਜ਼ਬਤ ਹੋ ਸਕਦੀ ਹੈ। ਬਾਂਡ ਭਰਨ ਨਾਲ ਵੀਜ਼ਾ ਮਿਲਣ ਦੀ ਗਾਰੰਟੀ ਵੀ ਨਹੀਂ ਹੋਵੇਗੀ। ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਪਾਇਲਟ ਪ੍ਰੋਗਰਾਮ ਨਾਲ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਵਾਲਿਆਂ ਦੀ ਗਿਣਤੀ ’ਚ ਵੱਡੀ ਕਮੀ ਆਈ ਹੈ। ਦੂਜੇ ਪਾਸੇ, ਪ੍ਰਵਾਸੀ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਰਕਮ ਕਾਰਨ ਆਮ ਤੇ ਘੱਟ ਆਮਦਨ ਵਾਲੇ ਲੋਕਾਂ ਲਈ ਅਮਰੀਕਾ ਆਉਣਾ ਮੁਸ਼ਕਲ ਹੋ ਜਾਵੇਗਾ।



SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca


The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਪੰਥ ਤੇ ਸਿੱਖ ਸਿਆਸਤ 'ਚ ਕੌਣ ਹੋਵੇਗਾ ਭਾਰੂ



'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਪਹਿਲੀ ਵਾਰ ਜਨਤਕ ਤੌਰ 'ਤੇ ਆਪਣੀ ਤਾਕਤ ਦਾ ਵੱਡੇ ਪੱਧਰ 'ਤੇ ਵਿਖਾਵਾ ਯਕੀਨੀ ਤੌਰ 'ਤੇ ਖ਼ਾਲੀ ਪਏ ਪੰਥਕ ਖੇਤਰ 'ਤੇ ਆਪਣਾ ਦਾਅਵਾ ਜਤਾਉਣ ਵੱਲ ਇਕ ਜ਼ੋਰਦਾਰ ਕਦਮ ਵਜੋਂ ਦੇਖਿਆ ਜਾ ਸਕਦਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਿਆਸਤ ਦੇ ਕੇਂਦਰ ਤੋਂ ਅਣਇੱਛਤ ਤੌਰ 'ਤੇ ਹਾਸ਼ੀਏ ਵੱਲ ਧੱਕੇ ਜਾਣ ਤੋਂ ਬਾਅਦ ਇਹ ਥਾਂ ਵੱਡੇ ਪੱਧਰ 'ਤੇ ਖ਼ਾਲੀ ਪਈ ਹੈ। 29 ਜੁਲਾਈ ਨੂੰ ਪਾਰਟੀ ਨੇ ਆਪਣੇ ਆਗੂ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਵਿਚ ਇਕ ਵਿਸ਼ਾਲ ਰੋਸ ਮਾਰਚ ਕੀਤਾ। ਅੰਮ੍ਰਿਤਪਾਲ ਸਿੰਘ ਇਸ ਵੇਲੇ ਦੂਰ-ਦੁਰਾਡੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਹਨ।

ਇਸ ਧੜੇ ਦੀ ਅਗਵਾਈ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਕਰ ਰਹੇ ਹਨ ਜਿਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਲੋਕ ਸਭਾ ਚੋਣ ਜਿੱਤੀ ਸੀ। ਉਹ ਇਕ ਹੋਰ ਮਾਮਲੇ ਦੇ ਸਬੰਧ ਵਿਚ ਅਜੇ ਵੀ ਉੱਥੇ ਹੀ ਬੰਦ ਹਨ। ਇਸ ਪਾਰਟੀ ਦੀ ਵਿਚਾਰਧਾਰਾ ਨਾਲ ਜੁੜੇ ਇਕ ਹੋਰ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਹਨ ਜੋ ਬੇਅੰਤ ਸਿੰਘ ਦੇ ਪੁੱਤਰ ਹਨ ਜੋ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰਨ ਵਾਲੇ ਦੋਸ਼ੀਆਂ ਵਿੱਚੋਂ ਇਕ ਸੀ।

29 ਜੁਲਾਈ ਦੀ ਲਾਮਬੰਦੀ ਇਸ ਦੇ ਬਿਲਕੁਲ ਉਲਟ ਤਸਵੀਰ ਪੇਸ਼ ਕਰ ਰਹੀ ਸੀ। ਪੁਲਿਸ ਵੱਲੋਂ ਲਗਾਈਆਂ ਰੋਕਾਂ ਅਤੇ ਬੈਰੀਕੇਡਾਂ ਦੇ ਬਾਵਜੂਦ ਜਿਨ੍ਹਾਂ ਲੋਕਾਂ ਨੇ ਲਗਪਗ ਅੱਧੇ ਚੰਡੀਗੜ੍ਹ 'ਤੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ, ਉਹ ਪੁਰਾਣੀਆਂ ਪੰਥਕ ਲਾਮਬੰਦੀਆਂ ਦੀ ਯਾਦ ਦਿਵਾ ਰਹੇ ਸਨ, ਜਿਹੜੀਆਂ ਲੰਮੇ ਸਮੇਂ ਤੱਕ ਅਕਾਲੀ ਸਿਆਸਤ ਦੀ ਪਛਾਣ ਰਹੀਆਂ ਹਨ।

ਮੰਗਾਂ ਦਾ ਕੇਂਦਰ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੇ ਨਾਲ-ਨਾਲ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਸੀ। ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ ਦੇ ਸੈਕਟਰ-2 ਸਥਿਤ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਦਾ ਘਿਰਾਓ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਸ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ।

ਪ੍ਰਦਰਸ਼ਨਕਾਰੀ ਸਵੇਰੇ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਠੇ ਹੋਏ ਅਤੇ ਉੱਥੋਂ ਚੰਡੀਗੜ੍ਹ ਵੱਲ ਵਧੇ, ਜਿੱਥੇ ਉਨ੍ਹਾਂ ਨੂੰ ਪੁਲਿਸ ਦੇ ਬੈਰੀਕੇਡਾਂ ਅਤੇ ਪਾਣੀ ਦੀਆਂ ਤੋਪਾਂ ਦਾ ਸਾਹਮਣਾ ਕਰਨਾ ਪਿਆ। ਨੌਜਵਾਨ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੀ ਇਕ ਵਾਟਰ ਕੈਨਨ ਗੱਡੀ 'ਤੇ ਵੀ ਕਬਜ਼ਾ ਕਰ ਲਿਆ। ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਅਤੇ ਪੰਜਾਬ ਸਕੱਤਰੇਤ ਵੱਲ ਜਾਂਦੀ ਸੜਕ 'ਤੇ ਪੁਲਿਸ ਵੱਲੋਂ ਦੂਜਾ ਵੱਡਾ ਬੈਰੀਕੇਡ ਵੀ ਲਗਾਇਆ ਗਿਆ ਸੀ। ਕੁਝ ਜੋਸ਼ੀਲੇ ਪ੍ਰਦਰਸ਼ਨਕਾਰੀਆਂ ਵੱਲੋਂ ਟਕਰਾਅ ਵੱਲ ਵਧਣ ਦੀ ਕੋਸ਼ਿਸ਼ ਦੇ ਬਾਵਜੂਦ, ਲੀਡਰਸ਼ਿਪ ਨੇ ਸਿਆਣਪ ਨਾਲ ਸਥਿਤੀ ਨੂੰ ਹੋਰ ਤਣਾਅਪੂਰਨ ਬਣਾਉਣ ਤੋਂ ਗੁਰੇਜ਼ ਕੀਤਾ। ਮੁੱਖ ਮੰਤਰੀ ਦਫ਼ਤਰ ਵੱਲੋਂ ਇਕ ਵਿਸ਼ੇਸ਼ ਡਿਊਟੀ ਅਫ਼ਸਰ ਮੰਗ-ਪੱਤਰ ਲੈਣ ਲਈ ਮੌਕੇ 'ਤੇ ਪਹੁੰਚਿਆ। ਇਹ ਮੰਗ-ਪੱਤਰ ਕਾਰਜਕਾਰੀ ਪਾਰਟੀ ਪ੍ਰਧਾਨ ਤਰਸੇਮ ਸਿੰਘ, ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਅਤੇ ਹੋਰਨਾਂ ਵੱਲੋਂ ਸੌਂਪਿਆ ਗਿਆ। ਇਹ ਲਾਮਬੰਦੀ ਆਪਣੇ-ਆਪ ਵਿਚ ਕਿਸੇ ਨਵੀਂ ਪੰਥਕ ਤਾਕਤ ਦੇ ਉਭਾਰ ਨੂੰ ਸਥਾਪਤ ਕਰਨ ਲਈ ਸ਼ਾਇਦ ਕਾਫ਼ੀ ਨਾ ਹੋਵੇ। ਪਰ ਇਸ ਨੇ ਨਿਰਵਿਵਾਦ ਤੌਰ 'ਤੇ ਇਹ ਸੰਕੇਤ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਖ਼ਾਲੀ ਕੀਤੀ ਗਈ ਸਿਆਸੀ ਥਾਂ ਹੁਣ ਖ਼ਾਲੀ ਨਹੀਂ ਰਹੀ।

ਬੁੱਧਵਾਰ ਦੇ ਪ੍ਰਦਰਸ਼ਨ ਵਿਚ ਸ਼ਾਮਲ ਕੁਝ ਲੋਕ ਆਖ਼ਰੀ ਬੈਰੀਕੇਡ ਤੋੜ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ 'ਤੇ ਜ਼ੋਰ ਦੇ ਰਹੇ ਸਨ। ਪਰ ਲੀਡਰਸ਼ਿਪ ਨੇ ਸਥਿਤੀ 'ਤੇ ਕਾਬੂ ਰੱਖਿਆ ਅਤੇ ਬੇਲੋੜੇ ਟਕਰਾਅ ਤੋਂ ਸਿਆਣਪ ਨਾਲ ਬਚਾਅ ਕੀਤਾ। ਪਿਛਲੇ ਤਜਰਬਿਆਂ ਤੋਂ ਸਬਕ ਸਿੱਖਣ ਦੀ ਲੋੜ ਹੈ। ਮਕਸਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਾ ਸੀ ਅਤੇ ਇਹ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾ ਦਿੱਤਾ ਗਿਆ।

ਇਹ ਵੀ ਇਕ ਗ਼ਲਤ ਧਾਰਨਾ ਹੈ ਕਿ ਇਨ੍ਹਾਂ ਸਿੱਖ ਕੈਦੀਆਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਰੱਖਿਆ ਜਾ ਰਿਹਾ ਹੈ। ਕਈ ਮਾਮਲਿਆਂ ਵਿਚ ਉਹ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਅਜਿਹੇ ਹਾਲਾਤ ਵਿਚ ਸਿਆਸੀ ਕੈਦੀਆਂ ਦੀ ਰਿਹਾਈ ਇਤਿਹਾਸਕ ਤੌਰ 'ਤੇ ਸਿਆਸੀ ਸਮਝੌਤਿਆਂ ਨਾਲ ਜੁੜੀ ਰਹੀ ਹੈ। ਇਸ ਮੰਗ ਨਾਲ ਇਸ ਵੇਲੇ ਜੁੜੇ ਜ਼ਿਆਦਾਤਰ ਲੋਕ ਪੰਥਕ ਸਿਆਸਤ ਦੀ ਰੈਡੀਕਲ ਧਾਰਾ ਨਾਲ ਸਬੰਧਤ ਹਨ।

ਮੌਜੂਦਾ ਦੌਰ ਦੀ ਅਹਿਮੀਅਤ ਇਸ ਗੱਲ ਵਿਚ ਹੈ ਕਿ 1989 ਤੋਂ ਬਾਅਦ ਪੰਥਕ ਸਿਆਸਤ ਦੀ ਇਸ ਧਾਰਾ ਨੇ ਚੋਣਤੰਤਰ ਦੇ ਜਮਹੂਰੀ ਮੰਚ ਰਾਹੀਂ ਆਪਣਾ ਸਿਆਸੀ ਦਾਅਵਾ ਪੇਸ਼ ਕੀਤਾ ਹੈ ਤੇ ਹੁਣ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਨੂੰ ਲੋਕ ਸਭਾ ਵਿਚ ਭੇਜਣ ਵਿਚ ਕਾਮਯਾਬ ਹੋਈ ਹੈ। ਜਿਹੜੀ ਧਾਰਾ ਪਹਿਲਾਂ ਮੁੱਖ ਤੌਰ 'ਤੇ ਸੰਘਰਸ਼ ਅਤੇ ਵਿਰੋਧ ਦੀ ਸਿਆਸਤ ਨਾਲ ਪਛਾਣੀ ਜਾਂਦੀ ਸੀ, ਉਹ ਹੁਣ ਜਮਹੂਰੀ ਖੇਤਰ ਅੰਦਰ ਆਪਣੀ ਨੁਮਾਇੰਦਗੀ ਅਤੇ ਸਿਆਸੀ ਪ੍ਰਵਾਨਗੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਦੀ ਸਿਆਸੀ ਗਤੀਸ਼ੀਲਤਾ ਦੇਸ਼ ਦੇ ਬਹੁਤੇ ਹੋਰ ਹਿੱਸਿਆਂ ਨਾਲੋਂ ਵੱਖਰੀ ਹੈ। ਇਹ ਇਕ ਸਿੱਖ-ਬਹੁ-ਗਿਣਤੀ ਵਾਲਾ ਸੂਬਾ ਹੋਣ ਦੇ ਨਾਲ-ਨਾਲ ਰਣਨੀਤਕ ਪੱਖੋਂ ਬੇਹੱਦ ਸੰਵੇਦਨਸ਼ੀਲ ਸਰਹੱਦੀ ਸੂਬਾ ਵੀ ਹੈ। ਇਨ੍ਹਾਂ ਵਿਲੱਖਣ ਹਾਲਾਤ ਨੂੰ ਦੇਖਦਿਆਂ ਪੰਜਾਬ ਵਿਚ ਇਕ ਮਜ਼ਬੂਤ ਪੰਥਕ ਸਿਆਸੀ ਧਿਰ ਦੀ ਮੌਜੂਦਗੀ ਨੂੰ ਸਿਆਸੀ ਸਥਿਰਤਾ ਲਈ ਇਕ ਅਹਿਮ ਸ਼ਰਤ ਮੰਨਿਆ ਜਾ ਸਕਦਾ ਹੈ। ਸਿੱਖ ਸਿਆਸਤ ਦਾ ਇਕ ਵਿਸ਼ਵ-ਵਿਆਪੀ ਪੱਖ ਵੀ ਹੈ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਨਾਲ ਜੁੜੀਆਂ ਘਟਨਾਵਾਂ ਦਾ ਪ੍ਰਭਾਵ ਭਾਰਤ ਦੇ ਅੰਦਰਲੇ ਸਿਆਸੀ ਸੰਵਾਦ 'ਤੇ ਵੀ ਲਗਾਤਾਰ ਵਧ ਰਿਹਾ ਹੈ।

ਇਸ ਵੇਲੇ ਪੰਜਾਬ ਵਿਚ ਚਾਰ ਮਹੱਤਵਪੂਰਨ ਅਕਾਲੀ ਧਿਰਾਂ ਹਨ-ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ; ਅਕਾਲੀ ਦਲ ਵਾਰਿਸ ਪੰਜਾਬ ਦੇ; ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਪੁਨਰ ਸੁਰਜੀਤ); ਅਤੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।

2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਲਗਪਗ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕੇ ਜਾਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਮੁੱਖ ਤੌਰ 'ਤੇ ਇਸ ਕਰਕੇ ਕਾਇਮ ਰਹਿ ਸਕਿਆ ਹੈ ਕਿ ਉਸ ਦਾ ਸਿੱਖਾਂ ਦੀ ਸਭ ਤੋਂ ਮਹੱਤਵਪੂਰਨ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਉੱਤੇ ਅਜੇ ਵੀ ਪ੍ਰਭਾਵ ਬਣਿਆ ਹੋਇਆ ਹੈ। ਸਿੱਖ ਮਾਮਲਿਆਂ ਵਿਚ ਐੱਸਜੀਪੀਸੀ ਦੀ ਸੰਸਥਾਗਤ ਸਥਿਤੀ ਵਿਲੱਖਣ ਹੈ ਪਰ ਇਸ ਦੀ ਜਨਰਲ ਹਾਊਸ ਦੀਆਂ ਚੋਣਾਂ 2011 ਤੋਂ ਬਾਅਦ ਨਹੀਂ ਹੋਈਆਂ ਤੇ ਹੁਣ ਲੰਮੇ ਸਮੇਂ ਤੋਂ ਬਕਾਇਆ ਹਨ। ਕੇਂਦਰ ਵੱਲੋਂ ਇਹ ਚੋਣਾਂ ਕਰਵਾਉਣ ਵਿਚ ਕੀਤੀ ਜਾ ਰਹੀ ਦੇਰੀ ਦਾ ਕੋਈ ਸਪੱਸ਼ਟ ਕਾਰਨ ਸਾਹਮਣੇ ਨਹੀਂ ਆਇਆ, ਜਦਕਿ ਮੌਜੂਦਾ ਜਨਰਲ ਹਾਊਸ ਵਿਚ ਅਜੇ ਵੀ ਬਹੁ-ਗਿਣਤੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ। ਇਸ ਕਰਕੇ ਸ਼੍ਰੋਮਣੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਦਾ ਬਚਿਆ ਹੋਇਆ ਸਭ ਤੋਂ ਅਹਿਮ ਸੰਸਥਾਗਤ ਆਧਾਰ ਬਣੀ ਹੋਈ ਹੈ ਅਤੇ ਪੰਥਕ ਖੇਤਰ 'ਤੇ ਕਬਜ਼ੇ ਦੀ ਜੰਗ ਵਿਚ ਸੰਭਾਵਤ ਤੌਰ 'ਤੇ ਅਗਲਾ ਵੱਡਾ ਮੈਦਾਨ ਵੀ ਇਹੀ ਬਣ ਸਕਦੀ ਹੈ।


ਪੰਜਾਬ ਵਿਚ ਅਗਲੇ ਸਾਲ ਫਰਵਰੀ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ ਸਿੱਖ ਸਿਆਸੀ ਖੇਤਰ ਵਿਚ ਸਰਗਰਮੀ ਵੀ ਲਗਾਤਾਰ ਵਧ ਰਹੀ ਹੈ। ਇਸ ਵੇਲੇ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਸੱਤਾ ਵਿਚ ਆਉਣ ਵੇਲੇ ਇਸ ਪਾਰਟੀ ਦਾ ਸਿੱਖ ਸਿਆਸਤ ਨਾਲ ਲਗਪਗ ਕੋਈ ਸਿੱਧਾ ਸਬੰਧ ਨਹੀਂ ਸੀ ਪਰ ਸੱਤਾ ਸੰਭਾਲਣ ਤੋਂ ਬਾਅਦ ਇਹ ਪੰਜਾਬ ਦੇ ਸਿੱਖ ਧਾਰਮਿਕ-ਸਿਆਸੀ ਤਾਣੇ-ਬਾਣੇ ਵਿਚ ਡੂੰਘਾਈ ਨਾਲ ਉਲਝ ਗਈ ਹੈ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਸੰਵਾਦ ਤੋਂ ਆਪਣੇ-ਆਪ ਨੂੰ ਦੂਰ ਕਰ ਲਿਆ, ਪਰ ਆਖ਼ਰਕਾਰ ਪੰਥਕ ਧਾਰਾ ਨੇ ਹੀ ਇਸ ਨੂੰ ਸਿਆਸੀ ਹਾਸ਼ੀਏ ਵੱਲ ਧੱਕ ਦਿੱਤਾ।

ਪੰਥਕ ਖੇਤਰ ਵਿਚ ਆਈ ਸਰਗਰਮੀ ਦੇ ਪਿਛੋਕੜ ਵਿਚ ਪੰਜਾਬ ਦੇ ਵਿਆਪਕ ਸਿਆਸੀ ਦ੍ਰਿਸ਼ ਦਾ ਮੁਲਾਂਕਣ ਕਰਨ ਦੀ ਲੋੜ ਹੈ। ਕਾਂਗਰਸ, ਜੋ ਮੁੱਖ ਵਿਰੋਧੀ ਪਾਰਟੀ ਹੈ ਅਤੇ ਜਿਸ ਨੂੰ ਪਹਿਲਾਂ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਮੰਨਿਆ ਜਾਂਦਾ ਸੀ, ਇਸ ਵੇਲੇ ਧੜੇਬੰਦੀ ਅਤੇ ਲੀਡਰਸ਼ਿਪ ਦੇ ਸੰਕਟ ਨਾਲ ਜੂਝ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਨੇ ਜੋ ਤਾਕਤ ਹਾਸਲ ਕੀਤੀ ਸੀ, ਉਹ ਹੁਣ ਕਾਫ਼ੀ ਹੱਦ ਤੱਕ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਦੂਜੇ ਪਾਸੇ, ਭਾਜਪਾ ਇਹ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਅਗਲੀ ਸਰਕਾਰ ਬਣਾਉਣ ਦੀ ਸਥਿਤੀ ਵਿਚ ਹੈ, ਪਰ ਅਜੇ ਵੀ ਉਸ ਕੋਲ ਪੂਰੇ ਪੰਜਾਬ ਵਿਚ ਫੈਲਿਆ ਹੋਇਆ ਆਧਾਰ ਨਹੀਂ ਹੈ। ਭਾਜਪਾ ਆਪਣੇ ਦਮ 'ਤੇ ਪੰਜਾਬ ਵਿਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਤਹਿਤ ਉਹ ਖ਼ਾਸ ਕਰਕੇ ਕਾਂਗਰਸ ਵਿੱਚੋਂ ਸਿੱਖ ਆਗੂਆਂ ਨੂੰ ਆਪਣੇ ਨਾਲ ਜੋੜ ਰਹੀ ਹੈ।

ਹਾਲਾਂਕਿ, ਤਤਕਾਲ ਸਿਆਸੀ ਮਹੱਤਤਾ ਪੰਥਕ ਧਾਰਾ ਵਿਚ ਮੁੜ ਉੱਭਰੀ ਸਰਗਰਮੀ ਦੀ ਹੈ। ਗ਼ੈਰ-ਸ਼੍ਰੋਮਣੀ ਅਕਾਲੀ ਦਲ ਧਿਰਾਂ ਨੂੰ ਇਕ ਮੰਚ 'ਤੇ ਲਿਆਉਣ ਦੀਆਂ ਪਹਿਲਾਂ ਵੀ ਕੋਸ਼ਿਸ਼ਾਂ ਹੋ ਚੁੱਕੀਆਂ ਹਨ ਪਰ ਇਕ ਧੜੇ ਵਿੱਚੋਂ ਦੂਜੇ ਧੜੇ ਵੱਲ ਹੋ ਰਹੀਆਂ ਦਲ-ਬਦਲੀਆਂ ਨੇ ਫ਼ਿਲਹਾਲ ਇਸ ਪ੍ਰਕਿਰਿਆ ਨੂੰ ਰੋਕ ਦਿੱਤਾ ਹੈ। ਫਿਰ ਵੀ ਕਿਸੇ ਵਿਆਪਕ ਆਧਾਰ ਵਾਲੀ ਸਿਆਸੀ ਵਿਵਸਥਾ ਜਾਂ ਸਮਝੌਤੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਪ੍ਰਭਾਵਸ਼ਾਲੀ ਤਾਕਤ-ਪ੍ਰਦਰਸ਼ਨ ਤੋਂ ਬਾਅਦ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੀ ਲੀਡਰਸ਼ਿਪ ਨੂੰ ਹੁਣ ਬਹੁਤ ਸਾਵਧਾਨੀ ਨਾਲ ਅੱਗੇ ਵਧਣਾ ਪਵੇਗਾ। ਵੱਡਾ ਸਵਾਲ ਇਹ ਹੈ ਕਿ ਕੀ ਇਹ ਲਾਮਬੰਦੀ ਪੰਜਾਬ ਦੀ ਪੰਥਕ ਸਿਆਸਤ ਵਿਚ ਕਿਸੇ ਅਸਲ ਪੁਨਰ-ਸੰਰਚਨਾ ਦੀ ਸ਼ੁਰੂਆਤ ਹੈ ਜਾਂ ਫਿਰ ਖਿੰਡੇ ਹੋਏ ਸਿਆਸੀ ਖੇਤਰ 'ਚ ਤਾਕਤ ਦੇ ਇਕ ਹੋਰ ਥੋੜ੍ਹ ਚਿਰੇ ਪ੍ਰਦਰਸ਼ਨ ਤੱਕ ਸੀਮਤ ਰਹੇਗੀ।

**-ਜਗਤਾਰ ਸਿੰਘ**

# ਕੈਨੇਡਾ ’ਚ ਭਾਰਤੀ ਵਿਦਿਆਰਥੀ




ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਖ਼ਾਸਕਰ ਕੈਨੇਡਾ ਨੌਜਵਾਨਾਂ ਦੀ ਪਹਿਲੀ ਪਸੰਦ ਹੈ। ਪੜ੍ਹਾਈ ਦੇ ਰਸਤੇ ਪੱਕੇ ਹੋਣ ਦੀ ਆਸ ’ਚ ਕੈਨੇਡਾ ਗਏ ਪੰਜਾਬੀ ਨੌਜਵਾਨਾਂ ਨੂੰ ਕਈ ਤਰ੍ਹਾਂ ਦੇ ਇਮਤਿਹਾਨਾਂ ’ਚੋਂ ਲੰਘਣਾ ਪੈਂਦਾ ਹੈ। ਹੁਣ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਨਾਲ ਜੁੜੇ ਨਿਯਮਾਂ ’ਚ ਹੋਏ ਬਦਲਾਅ ਵੀ ਨੌਜਵਾਨਾ ਲਈ ਸਿਰਦਰਦੀ ਬਣ ਰਹੇ ਹਨ। ਇਸ ਕਾਰਨ ਵੱਡੀ ਗਿਣਤੀ ’ਚ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਹੋ ਰਹੀਆਂ ਹਨ। ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਚਿੰਤਤ ਹਨ। ਵਰਕ ਪਰਮਿਟ ਨਾ ਮਿਲਣ ਕਾਰਨ ਪਿਛਲੇ ਤਿੰਨ ਹਫ਼ਤਿਆਂ ਤੋਂ ਵਿਦਿਆਰਥੀ ਸੜਕਾਂ ’ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਇਸ ਨਾਲ ਜੁੜੀਆਂ ਵੀਡੀਓਜ਼ ਲਗਾਤਾਰ ਵਾਇਰਲ ਹੋ ਰਹੀਆਂ ਹਨ। ਇਸ ਮਾਮਲੇ ਨੂੰ ਲੈ ਕੇ ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਕੈਨੇਡਾ ’ਚ ਵਿਦਿਆਰਥੀਆਂ ਦੇ ਹੱਕ ’ਚ ਹਾਅ ਦਾ ਨਾਅਰਾ ਮਾਰਿਆ ਹੈ। ਇਸ ’ਚ ਕੋਈ ਦੋ-ਰਾਏ ਨਹੀਂ ਕਿ ਸਰਕਾਰਾਂ ਕਿਸੇ ਵੀ ਢੰਗ ਤਰੀਕੇ ਭਾਰਤੀ ਖ਼ਾਸਕਰ ਪੰਜਾਬੀ ਵਿਦਿਆਰਥੀਆਂ ਦੇ ਵਿਦੇਸ਼ਾਂ ਵੱਲ ਰੁਖ਼ ਨੂੰ ਰੋਕ ਨਹੀਂ ਸਕੀਆਂ ਹਨ। ਰੁਜ਼ਗਾਰ ਦੇਣ ਦੇ ਦਾਅਵੇ ਤੇ ਵਾਅਦੇ ਸਿਰਫ਼ ਸਿਆਸੀ ਨਾਅਰਿਆਂ ਤੱਕ ਸੀਮਤ ਹਨ। ਬਹੁਤੇ ਮਾਪਿਆਂ ਦੀ ਮਜਬੂਰੀ ਹੈ ਕਿ ਉਹ ਵੱਡੇ-ਵੱਡੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਤੇ ਰੁਜ਼ਗਾਰ ਖ਼ਾਤਰ ਵਿਦੇਸ਼ ਭੇਜਦੇ ਹਨ ਪਰ ਜਦੋਂ ਅਜਿਹੀਆਂ ਖੱਜਲ-ਖ਼ੁਆਰੀਆਂ ’ਚੋਂ ਔਲਾਦ ਲੰਘਦੀ ਹੈ ਤਾਂ ਮਾਪਿਆਂ ਨੂੰ ਵੱਧ ਪਰੇਸ਼ਾਨੀ ਹੁੰਦੀ ਹੈ। ਵਿਦੇਸ਼ਾਂ ਦੀ ਨੱਠ-ਭੱਜ ਵਾਲੀ ਜ਼ਿੰਦਗੀ ’ਚ ਸਫ਼ਲਤਾ ਹਾਸਲ ਕਰਨੀ ਸਾਰੇ ਵਿਦਿਆਰਥੀਆਂ ਦੇ ਵੱਸ ਦੀ ਗੱਲ ਨਹੀਂ ਹੈ। ਤਾਜ਼ਾ ਮਾਮਲੇ ਅਨੁਸਾਰ ਪੜ੍ਹਾਈ ਦੇ ਵਿਚਕਾਰ ਜਾਂ ਕੋਰਸ ਪੂਰਾ ਹੁੰਦਿਆਂ ਹੀ ਨਿਯਮਾਂ ਦਾ ਬਦਲ ਜਾਣਾ ਵਿਦਿਆਰਥੀਆਂ ਲਈ ਨਾਇਨਸਾਫ਼ੀ ਵਾਲੀ ਗੱਲ ਹੈ। ਨਿਯਮਾਂ ’ਚ ਬਦਲਾਅ ਕਰਨਾ ਬੇਸ਼ੱਕ ਕੈਨੇਡਾ ਦੇ ਆਪਣੇ ਕਾਨੂੰਨ ਪ੍ਰਬੰਧ ਦਾ ਹਿੱਸਾ ਹੈ ਪਰ ਵਿਦਿਆਰਥੀਆਂ ਦੇ ਭਵਿੱਖ ’ਤੇ ਜ਼ਰੂਰ ਇਸ ਨਾਲ ਜ਼ਰੂਰ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਜਦੋਂ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਸੀ ਤਾਂ ਉਥੋਂ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੀਆਂ ਨੀਤੀਆਂ ਕੁਝ ਹੋਰ ਸਨ ਪਰ ਹੁਣ ਵਿਚਕਾਰ ਆ ਕੇ ਕਾਨੂੰਨ ਦੇ ਬਦਲਾਅ ਸਹਿਣੇ ਇੰਨੇ ਸੌਖੇ ਨਹੀਂ ਹਨ। ਵਿਦਿਆਰਥੀਆਂ ਨੇ ਕੈਨੇਡਾ ਪੜ੍ਹਾਈ ਲਈ ਵੱਡੇ-ਵੱਡੇ ਕਰਜ਼ੇ ਚੁੱਕੇ ਹਨ ਤੇ ਪਿੱਛੇ ਮਾਪਿਆਂ ਦੀਆਂ ਜ਼ਮੀਨਾਂ ਤੱਕ ਗਹਿਣੇ ਪਈਆਂ ਹਨ। ਇਸ ਨਾਲ ਜ਼ਾਹਰ ਹੈ ਕਿ ਉਨ੍ਹਾਂ ਨੂੰ ਵੱਡੇ ਵਿੱਤੀ ਘਾਟੇ ਸਹਿਣੇ ਪੈਣ। ਜੇਕਰ ਦੂਜੇ ਮੁਲਕਾਂ ਦੀ ਮਹਿੰਗੀ ਪੜ੍ਹਾਈ ਕਰ ਕੇ ਵੀ ਉਨ੍ਹਾਂ ਨੂੰ ਰੁਜ਼ਗਾਰ ਪਰਮਿਟ ਹਾਸਲ ਕਰਨ ਲਈ ਧੱਕੇ ਖਾਣੇ ਪੈਣੇ ਹਨ ਤਾਂ ਵਿਦਿਆਰਥੀ ਕਿਹੜਾ ਰਾਹ ਅਪਨਾਉਣਗੇ। ਇਸ ਦੇ ਨਾਲ ਹੀ ਪੰਜਾਬ ਦੇ ਲਿਹਾਜ਼ ਨਾਲ ਸੋਚਿਆ ਜਾਵੇ ਤਾਂ ਜੇਕਰ ਸਰਕਾਰ ਰੋਜ਼ਾਨਾਂ ਨੌਜਵਾਨਾਂ ਨੂੰ ਰੁਜ਼ਗਾਰ ਵੰਡ ਰਹੀ ਹੈ ਤਾਂ ਫਿਰ ਇਹ ਨੌਜਵਾਨ ਕੌਣ ਹਨ, ਜਿਹੜੇ ਰੁਜ਼ਗਾਰ ਖ਼ਾਤਰ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਇਕ ਰਿਪੋਰਟ ਅਨੁਸਾਰ ਪਿਛਲੇ ਦੋ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਪੰਜਾਬ ਦੇ ਕਾਲਜਾਂ ’ਚ ਵੱਡੇ ਪੱਧਰ ’ਤੇ ਰੈਗੂਲਰ ਭਰਤੀਆਂ ਨਹੀਂ ਹੋਈਆਂ ਹਨ। ਸੂਬੇ ਦੀ ਗੁਣਵੱਤਾ ਭਰਪੂਰ ਸਿੱਖਿਆ ਹਮੇਸ਼ਾ ਸਵਾਲਾਂ ਦੇ ਘੇਰੇ ’ਚ ਰਹੀ ਹੈ। ਬਹੁਤੇ ਵਿਦਿਅਕ ਅਦਾਰਿਆਂ ’ਚ ਗੈਸਟ ਫੈਕਲਟੀ ਜਾਂ ਠੇਕੇ ’ਤੇ ਲੈਕਚਰਾਰਾਂ ਸਹਾਰੇ ਸਿੱਖਿਆ ਪ੍ਰਬੰਧ ਚਲਾਇਆ ਜਾ ਰਿਹਾ ਹੈ। ਸਰਕਾਰ ਨੂੰ ਇਸ ਪਾਸੇ ਪਹਿਲ ਦੇ ਆਧਾਰ ’ਤੇ ਸੋਚਣਾ ਚਾਹੀਦਾ ਹੈ। ਰੁਜ਼ਗਾਰ ਪ੍ਰਾਪਤੀ ਦੇ ਮੌਕਿਆਂ ’ਚ ਵਾਧਾ ਕਰਨਾ ਹੀ ਇਸ ਦਾ ਇੱਕੋ-ਇਕ ਹੱਲ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਕਾਲਜਾਂ-ਯੂਨੀਵਰਸਿਟੀਆਂ ’ਚ ਸਿੱਖਿਆ ਦਾ ਮਿਆਰ ਸੁਧਰੇਗਾ ਤੇ ਹਾਸਲ ਕੀਤੀਆਂ ਡਿਗਰੀਆਂ ਰੁਜ਼ਗਾਰ ਦੀ ਪੱਕੀ ਗਰੰਟੀ ਦੇਣਗੀਆਂ।

REAL PLUMBING

EMERGENCY SERVICE
7 DAYS A WEEK




HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਹੁਣ ਅਮਰੀਕਾ ਵਿਚ ਗੈਰ-ਕਾਨੂੰਨੀ ਦਾਖ਼ਲਾ ਸੰਭਵ ਨਹੀਂ

ਅਮਰੀਕੀ ਸਰਹੱਦਾਂ ਦੀ ਅਜੋਕੀ ਸਥਿਤੀ ਇਹ ਹੈ ਕਿ ਹੁਣ ਇੱਥੇ ਇਨਸਾਨ ਤਾਂ ਕੀ ਪਰਿੰਦਾ ਵੀ ਪਰ ਨਹੀਂ ਮਾਰ ਸਕਦਾ। ਟਰੰਪ ਪ੍ਰਸ਼ਾਸਨ ਨੇ ਅਜਿਹੇ ਪ੍ਰਬੰਧ ਕਰ ਦਿੱਤੇ ਹਨ ਕਿ ਅਮਰੀਕਾ 'ਚ ਸਰਕਾਰ ਚਾਹੇ ਰਿਪਬਲਿਕਨ ਪਾਰਟੀ ਜਾਂ ਫਿਰ ਡੈਮੋਕਰੇਟਿਕ ਪਾਰਟੀ 'ਚੋਂ ਕਿਸੇ ਦੀ ਵੀ ਹੋਵੇ, ਅਮਰੀਕਾ ਵਿਚ ਸਿਰਫ਼ ਕਾਨੂੰਨੀ ਤੌਰ 'ਤੇ ਹੀ ਦਾਖਲ ਹੋਇਆ ਜਾ ਸਕੇਗਾ। ਤੁਸੀਂ ਵੀਜ਼ਾ ਲੈ ਕੇ ਹੀ ਅਮਰੀਕਾ ਆ ਸਕਦੇ ਹੋ, ਹੁਣ ਏਜੰਟਾਂ ਨੂੰ ਪੈਸੇ ਦੇ ਕੇ ਜੰਗਲੀ ਜਾਂ ਖਤਰਨਾਕ ਰਾਹਾਂ ਤੋਂ ਲੰਘ ਕੇ ਅਮਰੀਕੀ ਸਰਹੱਦਾਂ ਪਾਰ ਨਹੀਂ ਕੀਤੀਆਂ ਜਾ ਸਕਣਗੀਆਂ। ਰਾਸ਼ਟਰਪਤੀ ਜੋਅ ਬਾਈਡਨ ਦੇ ਸਮੇਂ ਤਾਂ ਏਦਾਂ ਲੱਗਦਾ ਸੀ ਕਿ ਗੈਰਕਾਨੂੰਨੀ ਤਰੀਕਿਆਂ ਨਾਲ ਅਮਰੀਕਾ 'ਚ ਦਾਖਲ ਹੋਣਾ ਸਭ ਤੋਂ ਆਸਾਨ ਹੈ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਸਰਹੱਦਾਂ 'ਤੇ ਕੀਤੀ ਸਖ਼ਤੀ ਦਾ ਵਿਆਪਕ ਅਸਰ ਸਾਫ ਦਿਖਾਈ ਦੇ ਰਿਹਾ ਹੈ। ਇਸ 'ਚ ਟਰੰਪ ਦੇ ਨਜ਼ਦੀਕੀ ਤੇ ਬਾਰਡਰ ਸੁਰੱਖਿਆ ਮੁਖੀ ਟਾਮ ਹੋਮਨੇ ਨੇ ਬਹੁਤ ਪ੍ਰਭਾਵੀ ਭੂਮਿਕਾ ਨਿਭਾਈ ਹੈ, ਜਿਸ ਤੋਂ ਅਮਰੀਕੀ ਲੋਕ ਬਹੁਤ ਖੁਸ਼ ਹਨ। ਦਰਅਸਲ ਅਮਰੀਕਾ ਦੀ ਤਾਕਤ, ਚੌਧਰ ਤੋਂ ਕਈਆਂ ਨੂੰ ਈਰਖਾ ਹੋ ਸਕਦੀ ਪਰ ਦੇਸ਼ 'ਚ ਨਸ਼ਾ ਤੇ ਗੈਰ-ਕਾਨੂੰਨੀ ਮਨੁੱਖੀ ਤਸਕਰੀ ਦੇ ਚੱਲਦਿਆਂ ਸਖ਼ਤ ਸਰਹੱਦੀ ਜਾਂਚ ਤੇ ਸੁਰੱਖਿਆ ਬਹੁਤ ਜ਼ਰੂਰੀ ਸੀ। ਪਿਛਲੇ 5 ਕੁ ਸਾਲਾਂ ਤੋਂ ਜਿਸ ਤਰ੍ਹਾਂ ਦੇ ਹਾਲਾਤ ਕੈਨੇਡਾ ਵਿਚ ਗੈਂਗਸਟਰਾਂ ਨੇ ਬਣਾ ਦਿੱਤੇ ਹਨ, ਉਹ ਕਿਸੇ ਤੋਂ ਵੀ ਲੁਕੇ ਹੋਏ ਨਹੀਂ ਹਨ। ਬਹੁਗਿਣਤੀ ਅਮਰੀਕਨ ਟਰੰਪ ਦੀ ਸਰਹੱਦਾਂ 'ਤੇ ਸਖ਼ਤੀ ਦੇ ਸਮਰਥਕ ਹਨ, ਜਿਸ ਨਾਲ ਅਮਰੀਕਾ ਨੂੰ ਸੁਰੱਖਿਅਤ ਬਣਾ ਕੇ 'ਮੇਕ ਅਮੈਰਿਕਾ ਗ੍ਰੇਟ ਅਗੇਨ' (ਮੇਗਾ) ਦਾ ਸੁਪਨਾ ਵੀ ਪੂਰਾ ਹੋ ਸਕਦਾ ਹੈ। ਹੁਣ ਅਪਰਾਧੀਆਂ ਦਾ ਕਿਸੇ ਵੀ ਕੀਮਤ 'ਤੇ ਅਮਰੀਕਾ 'ਚ ਦਾਖਲਾ ਸੰਭਵ ਨਹੀਂ ਹੈ। ਹਾਲ ਹੀ ਵਿਚ ਅਮਰੀਕੀ ਸੰਘੀ ਜਾਂਚ ਏਜੰਸੀ ਐਫ.ਬੀ.ਆਈ. ਵਲੋਂ ਕੈਨੇਡਾ ਤੇ ਯੂਰਪ 'ਚ ਜਿਸ ਤਰ੍ਹਾਂ ਅਪਰਾਧੀਆਂ ਖ਼ਾਸ ਕਰਕੇ ਭਾਰਤੀ ਪਛਾਣ ਵਾਲੇ ਗੈਂਗਸਟਰਾਂ ਖ਼ਿਲਾਫ ਵੱਡੀ ਕਾਰਵਾਈ ਕੀਤੀ ਹੈ, ਉਸ ਤੋਂ ਪ੍ਰਵਾਸੀ ਬਹੁਤ ਖੁਸ਼ ਹਨ। ਟਰੰਪ ਪ੍ਰਸ਼ਾਸਨ ਨੇ ਕਈ ਨਵੀਆਂ ਨੀਤੀਆਂ ਨਾਲ ਅਮਰੀਕਾ 'ਚ ਪ੍ਰਵਾਸੀਆਂ ਦੇ ਪੱਕੇ ਪੈਰ ਟਿਕਾਉਣ ਦੇ ਖਿਆਲ ਨੂੰ ਬਹੁਤ ਔਖਾ ਕਰ ਦਿੱਤਾ ਹੈ, ਹੁਣ ਰਾਜਸੀ ਸ਼ਰਨ ਮੰਗਣੀ ਵੀ ਸੁਖਾਲੀ ਨਹੀਂ ਹੋਵੇਗੀ। ਨਵੇਂ ਨਿਯਮਾਂ ਤਹਿਤ ਹੁਣ ਸ਼ਰਨ ਦੀਆਂ ਅਰਜ਼ੀਆਂ ਨੂੰ ਇੰਟਰਵਿਊ ਕਰਵਾਏ ਬਗੈਰ ਸਿੱਧੇ ਹੀ ਇਮੀਗਰੇਸ਼ਨ ਜੱਜ ਕੋਲ ਭੇਜਿਆ ਜਾ ਸਕੇਗਾ, ਜਿਸ ਕਰਕੇ ਕਈ-ਕਈ ਸਾਲਾਂ ਤੋਂ ਲਟਕਦੇ ਕੇਸਾਂ ਦਾ ਬੈਕਲਾ ਘਟਣ ਨਾਲ ਮਾਮਲਿਆਂ ਦਾ ਨਿਪਟਾਰਾ ਤੇਜ਼ੀ ਨਾਲ ਹੋਵੇਗਾ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦਾ ਮੰਨਣਾ ਹੈ ਕਿ ਇਕੋ ਕੇਸ ਦੀ ਦੋ ਵਾਰ ਜਾਂਚ ਕਰਨ ਦੀ ਬਜਾਏ ਜਦੋਂ ਕੇਸ ਸਿੱਧਾ ਅਦਾਲਤ ਨੂੰ ਹੀ ਭੇਜ ਦਿੱਤਾ ਜਾਵੇਗਾ ਤਾਂ ਇਸ ਨਾਲ ਇਮੀਗ੍ਰੇਸ਼ਨ ਅਫਸਰਾਂ ਦਾ ਸਮਾਂ ਵੀ ਬਚੇਗਾ ਤੇ ਸ਼ਰਨ (ਅਸਾਇਲਮ) ਦੇਣ ਜਾਂ ਨਾ ਦੇਣ ਦਾ ਰਾਹ ਵੀ ਪੱਧਰਾ ਹੋ ਜਾਵੇਗਾ। ਹੁਣ ਕੇਸ ਦਾ ਫੈਸਲਾ ਇਮੀਗ੍ਰੇਸ਼ਨ ਜੱਜ ਹੀ ਕਰੇਗਾ ਤੇ ਬਿਨੈਕਰਤਾ ਨੂੰ ਅਦਾਲਤਾਂ ਵਿਚ ਆਪਣੇ ਸਬੂਤਾਂ ਤੇ ਦਲੀਲਾਂ ਪੇਸ਼ ਕਰਨੀਆਂ ਪੈਣਗੀਆਂ। ਹਾਲਾਂਕਿ ਇਮੀਗ੍ਰੇਸ਼ਨ ਵਕੀਲਾਂ ਤੇ ਪ੍ਰਵਾਸੀਆਂ ਦੇ ਹੱਕਾਂ ਦੀ ਪਹਿਰੇਦਾਰੀ ਕਰਨ ਵਾਲੀਆਂ ਸੰਸਥਾਵਾਂ ਨੇ ਇਸ 'ਤੇ ਜ਼ਰੂਰ ਚਿੰਤਾ ਪ੍ਰਗਟਾਈ ਹੈ। ਜਿਸ ਤਰ੍ਹਾਂ ਦੀਆਂ ਰਾਸ਼ਟਰੀ ਸਥਿਤੀਆਂ ਤੇ ਸਰਹੱਦੀ ਵਾਤਾਵਰਨ ਡੋਨਾਲਡ ਟਰੰਪ ਨੇ ਸਿਰਜ ਦਿੱਤਾ ਹੈ, ਇਸ 'ਚ ਤਬਦੀਲੀਆਂ ਸੰਭਵ ਨਹੀਂ ਹੋਣਗੀਆਂ। ਅਮਰੀਕਾ 'ਚ ਫੀਫਾ ਤੇ ਟਰੰਪ ਦਰਮਿਆਨ ਸਿੰਗ ਫਸਣ ਦੀ ਕਹਾਣੀ ਦੀ ਚਰਚਾ ਹੋ ਰਹੀ ਹੈ, ਜਦੋਂ 2026 ਵਿਸ਼ਵ ਕੱਪ ਦੌਰਾਨ ਫੀਫਾ ਨੇ ਇਕ-ਗੇਮ ਮੁਅੱਤਲੀ ਨੂੰ ਲਾਗੂ ਕਰਨ ਨੂੰ ਮੁਅੱਤਲ ਕਰ ਦਿੱਤਾ ਸੀ। ਅਮਰੀਕੀ ਪੁਰਸ਼ ਫੁੱਟਬਾਲ ਟੀਮ ਦੇ ਖਿਡਾਰੀ ਫੋਲਾਰਿਨ ਬਾਲੋਗੁਨ ਨੂੰ ਬੋਸਨੀਆ ਤੇ ਹਰਜ਼ੇਗੋਵੀਨਾ ਰਾਸ਼ਟਰੀ ਟੀਮ ਦੇ ਖ਼ਿਲਾਫ 32ਵੇਂ ਮੈਚ ਦੌਰਾਨ ਇਕ ਫਾਊਲ ਕਾਰਨ ਬਾਹਰ ਭੇਜੇ ਜਾਣ ਤੋਂ ਬਾਅਦ ਇਹ ਅਜੀਬ ਸਥਿਤੀ ਬਣੀ ਸੀ। ਬਾਲੋਗੁਨ ਦੀ ਮੁਅੱਤਲੀ ਫੀਫਾ ਅਨੁਸ਼ਾਸਨ ਕੋਡ ਦੇ ਆਰਟੀਕਲ 27 ਅਧਿਕਾਰ ਦੇ ਤਹਿਤ ਇਕ ਸਾਲ ਦੀ ਪ੍ਰੋਬੇਸ਼ਨਰੀ ਮਿਆਦ ਲਈ ਮੁਲਤਵੀ ਕਰ ਦਿੱਤੀ ਗਈ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਿੱਧੇ ਤੌਰ 'ਤੇ ਫੀਫਾ ਦੇ ਪ੍ਰਧਾਨ ਗਿਆਨੀ ਇਨਫੈਂਟੀਨੋ ਨੂੰ ਫ਼ੋਨ ਕਰਕੇ ਲਾਲ ਕਾਰਡ ਦੇ ਫੈਸਲੇ ਦੀ ਸਮੀਖਿਆ ਕਰਨ ਲਈ ਕਿਹਾ ਸੀ। ਇਸ ਫੈਸਲੇ ਨੇ ਬਾਲੋਗੁਨ ਨੂੰ ਬੈਲਜੀਅਮ ਦੇ ਖ਼ਿਲਾਫ ਅਮਰੀਕਾ ਦੇ 16ਵੇਂ ਦੌਰ ਦੇ ਮੈਚ ਵਿਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ ਸੀ, ਹਾਲਾਂਕਿ ਲਾਲ ਕਾਰਡ ਪ੍ਰਭਾਵੀ ਰਿਹਾ। ਬੈਲਜੀਅਮ ਨੇ ਮੈਚ 4-1 ਨਾਲ ਜਿੱਤਿਆ ਸੀ ਤੇ ਬਾਲੋਗੁਨ ਲਗਭਗ ਪੂਰਾ ਮੈਚ ਖੇਡਿਆ ਸੀ। ਬਾਲੋਗੁਨ 2026 ਫੀਫਾ ਵਿਸ਼ਵ ਕੱਪ ਵਿਚ 26 ਖਿਡਾਰੀਆਂ ਦੀ ਅਮਰੀਕੀ ਟੀਮ ਦੇ ਸ਼ੁਰੂਆਤੀ ਸਟ੍ਰਾਈਕਰ ਵਜੋਂ ਨਾਮਜ਼ਦ ਹੋਇਆ ਸੀ। ਉਹ 12 ਜੂਨ ਨੂੰ ਆਪਣੇ ਵਿਸ਼ਵ ਕੱਪ ਡੈਬਿਊ 'ਤੇ ਪੈਰਾਗੁਏ ਵਿਰੁੱਧ ਟੀਮ ਦੇ ਸ਼ੁਰੂਆਤੀ ਗਰੁੱਪ ਪੜਾਅ ਮੈਚ ਵਿਚ 4-1 ਦੇ ਓਪਨਰ ਵਿਚ ਦੋ ਵਾਰ ਗੋਲ ਕਰ ਕੇ 'ਪਲੇਅਰ ਆਫ ਦ ਮੈਚ' ਚੁਣਿਆ ਗਿਆ ਸੀ। ਆਸਟ੍ਰੇਲੀਆ ਵਿਰੁੱਧ ਅਗਲੇ ਮੈਚ ਵਿਚ ਉਸ ਨੇ ਲਗਾਤਾਰ ਦੂਜਾ 'ਪਲੇਅਰ ਆਫ਼ ਦ ਮੈਚ' ਪੁਰਸਕਾਰ ਜਿੱਤਿਆ, ਕਿਉਂਕਿ ਅਮਰੀਕਾ ਨੇ ਗਰੁੱਪ ਡੀ ਵਿਚ ਸਿਖਰਲਾ ਸਥਾਨ ਹਾਸਿਲ ਕੀਤਾ। ਮੈਚ ਦੇ 61ਵੇਂ ਮਿੰਟ ਵਿਚ, ਬਾਲੋਗੁਨ ਨੇ ਤਾਰਿਕ ਮੁਹਾਰੇਮੋਵਿਕ ਦੇ ਗਿੱਟੇ 'ਤੇ ਪੈਰ ਰੱਖ ਦਿੱਤਾ, ਜਦੋਂ ਦੋਵੇਂ ਖਿਡਾਰੀ ਗੇਂਦ ਲਈ ਇਕ-ਦੂਜੇ ਨੂੰ ਚੁਣੌਤੀ ਦੇ ਰਹੇ ਸਨ। ਸਲੋਅ ਮੋਸ਼ਨ ਰੀਪਲੇਅ ਦੀ ਸਮੀਖਿਆ ਤੋਂ ਬਾਅਦ ਕਲਾਜ਼ ਨੇ ਬਾਲੋਗੁਨ ਨੂੰ ਗੰਭੀਰ ਫਾਊਲ ਲਈ ਗਰਾਊਂਡ ਤੋਂ ਬਾਹਰ ਭੇਜ ਦਿੱਤਾ ਸੀ। ਬਾਲੋਗੁਨ ਇਕੋ ਮੈਚ ਵਿਚ ਗੋਲ ਕਰਨ ਤੇ ਲਾਲ ਕਾਰਡ ਪ੍ਰਾਪਤ ਕਰਨ ਵਾਲਾ ਚੌਥਾ ਖਿਡਾਰੀ ਸੀ। ਉਸ ਨੂੰ ਲਾਲ ਕਾਰਡ ਦੇਣ ਦੇ ਫੈਸਲੇ ਨੇ ਅਮਰੀਕੀ ਪ੍ਰਸੰਸਕਾਂ ਵਿਚ ਵਿਆਪਕ ਰੋਸ ਪੈਦਾ ਕੀਤਾ ਅਤੇ 'ਫ੍ਰੀ ਫਲੋ' ਦੇ ਨਾਅਰੇ ਨਾਲ ਇਕ ਮੀਡੀਆ ਮੁਹਿੰਮ ਸ਼ੁਰੂ ਕਰ ਦਿੱਤੀ। ਵਣਜ ਸਕੱਤਰ ਹਾਵਰਡ ਲੁਟਨਿਕ ਤੇ ਐਂਡਰਿਊ ਗਿਉਲਿਆਨੀ ਸਮੇਤ ਅਮਰੀਕੀ ਅਧਿਕਾਰੀਆਂ ਨੇ ਲਾਲ ਕਾਰਡ ਦੀ ਅਪੀਲ ਕਰਨ ਲਈ ਅਮਰੀਕਾ ਦੀ ਟੀਮ ਲਈ ਵਕੀਲ ਪ੍ਰਦਾਨ ਕੀਤੇ ਸਨ। ਟਰੰਪ ਨੇ ਬਾਅਦ ਵਿਚ ਇਨਫੈਂਟੀਨੋ ਨਾਲ ਗੱਲ ਕਰਦੇ ਸਮੇਂ ਦਲੀਲ ਦਿੱਤੀ ਸੀ ਕਿ ਖੇਡ ਦੇ ਕਾਨੂੰਨ ਅਸਲ ਵਿਚ ਇਹ ਕਹਿੰਦੇ ਹਨ ਕਿ ਮੈਦਾਨ 'ਤੇ ਰੈਫਰੀ ਨੂੰ ਅਪਰਾਧ ਦੀ ਗੰਭੀਰਤਾ ਦਾ ਪਤਾ ਲਗਾਉਣ ਲਈ ਆਮ ਗਤੀ ਦੀ ਵਰਤੋਂ ਕਰਨੀ ਚਾਹੀਦੀ ਹੈ, ਹੌਲੀ ਗਤੀ ਦੀ ਨਹੀਂ। ਅਮਰੀਕੀ ਫੁੱਟਬਾਲ ਫੈਡਰੇਸ਼ਨ ਨੇ ਖੇਡ ਲਈ ਸਾਲਸੀ ਅਦਾਲਤ ਨੂੰ ਦਲੀਲ ਦੇਣ ਦੀ ਯੋਜਨਾ ਬਣਾਈ ਕਿ ਬਾਲੋਗੁਨ ਨੂੰ ਲਾਲ ਕਾਰਡ ਜਾਰੀ ਕਰਨ ਵਿਚ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਮੁਅੱਤਲੀ ਹਟਾਉਣ ਤੋਂ ਪਹਿਲਾਂ ਅਜਿਹੀ ਕਾਨੂੰਨੀ ਕਾਰਵਾਈ ਕਰਨ ਦੇ ਆਪਣੇ ਇਰਾਦੇ ਬਾਰੇ ਫੀਫਾ ਨੂੰ ਸੂਚਿਤ ਕੀਤਾ ਸੀ। ਅਮਰੀਕਾ ਦੇ ਉੱਘੇ ਗੁਰਸਿੱਖ ਇਮੀਗ੍ਰੇਸ਼ਨ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਦੱਸਿਆ ਕਿ ਪਿਛਲੇ 5 ਦਿਨਾਂ ਦੌਰਾਨ 10 ਹਜ਼ਾਰ ਲੋਕਾਂ ਨੂੰ 'ਆਈਸ' ਨੇ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਚ ਅਨ-ਡਾਕੂਮੈਂਟਡ, ਵਰਕ ਪਰਮਿਟ ਵਾਲੇ ਜਾਂ ਅਪਰਾਧਿਕ ਰਿਕਾਰਡ ਵਾਲੇ ਲੋਕ ਸ਼ਾਮਿਲ ਹਨ। ਆਈਸ ਨੇ ਇਕ ਵੱਡੀ ਮੁਹਿੰਮ ਸ਼ੁਰੂ ਕਰਦਿਆਂ ਇਹ ਕਾਰਵਾਈ ਕਈ ਸਟੇਟਾਂ 'ਚ ਇਕੋ ਵੇਲੇ ਛਾਪੇਮਾਰੀ ਕਰ ਕੇ ਕੀਤੀ ਹੈ। ਕਈਆਂ ਨੂੰ ਆਈਸ ਦੀ ਪੇਸ਼ੀ ਸਮੇਂ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਰੋਜ਼ਾਨਾ ਔਸਤਨ 2 ਹਜ਼ਾਰ ਲੋਕ ਗ੍ਰਿਫ਼ਤਾਰ ਕੀਤੇ ਜਾ ਰਹੇ ਹਨ, ਜਦਕਿ ਟਰੰਪ ਦੇ ਰਾਸ਼ਟਰਪਤੀ ਬਣਦੇ ਸਾਰ ਇਹ ਅੰਕੜਾ 3 ਹਜ਼ਾਰ ਰੋਜ਼ਾਨਾ ਵੀ ਰਿਹਾ ਹੈ। ਜਦੋਂ ਕ੍ਰਿਸਟੀ ਨੋਇਮ ਸੈਕਟਰੀ ਫਾਰ ਹੋਮਲੈਂਡ ਸਕਿਉਰਟੀ ਸੀ ਤਾਂ 6 ਕੁ ਮਹੀਨੇ ਪਹਿਲਾਂ ਕਾਫੀ ਪ੍ਰਦਰਸ਼ਨ ਹੋਣ ਬਾਅਦ ਆਈਸ ਨੂੰ ਕੁਝ ਪਿਛਾਂਹ ਹਟਣਾ ਪਿਆ।

ਨਵੇਂ ਸੈਕਟਰੀ ਮੋਲਿਨ ਨੇ ਕਿਹਾ ਸੀ ਕਿ ਆਈਸ ਦੀ ਜੋ ਵਿਜ਼ਬਿਲਟੀ ਮੀਡੀਏ 'ਚ ਹੈ, ਇਸ ਨਾਲ ਸਾਡੀ ਮੁਹਿੰਮ ਨੂੰ ਨੁਕਸਾਨ ਪੁੱਜਾ ਹੈ। ਹੁਣ ਕੋਰਟਾਂ ਵਿਚ, ਖ਼ਾਸ ਕਰਕੇ ਇਮੀਗ੍ਰੇਸ਼ਨ ਕੋਰਟਾਂ 'ਚ ਜਾਂ ਯੂ.ਐਸ. ਆਈ.ਐਸ. ਇੰਟਰਵਿਊ ਦੌਰਾਨ ਲੋਕਾਂ ਨੂੰ ਨਹੀਂ ਫੜਿਆ ਜਾਂਦਾ, ਜਦੋਂ ਤੱਕ ਬੰਦੇ ਦਾ ਅਪਰਾਧਿਕ ਰਿਕਾਰਡ ਨਾ ਹੋਵੇ। ਆਈਸ ਦੇ ਨਵੇਂ ਡਾਇਰੈਕਟਰ ਲਾਇਨਸ ਸਰੋਵਰ ਨੂੰ ਸੈਕਟਰੀ ਮੋਲਿਨ ਦਾ ਕਾਫੀ ਕਰੀਬੀ ਮੰਨਿਆ ਜਾਂਦਾ ਹੈ, ਭਾਵੇਂ ਉਸ ਕੋਲ ਇਮੀਗ੍ਰੇਸ਼ਨ ਦਾ ਕੋਈ ਤਜਰਬਾ ਨਹੀਂ ਪਰ ਉਹ ਲਾਅ ਇਨਫੋਰਸਮੈਂਟ ਵਿਚ ਸਮਰੱਥ ਅਧਿਕਾਰੀ ਮੰਨੇ ਜਾਂਦੇ ਹਨ। ਜਿਸ ਤਰ੍ਹਾਂ ਆਈਸ ਨੇ ਮੁੜ ਤੇਜ਼ੀ ਨਾਲ ਫੜੋ-ਫੜੀ ਸ਼ੁਰੂ ਕਰ ਦਿੱਤੀ ਹੈ, ਉਸ ਦੇ ਚੱਲਦਿਆਂ ਛੇਤੀ ਹੀ ਦੇਸ਼ ਨਿਕਾਲੇ ਦੀ ਵਧੀ ਹੋਈ ਦਰ ਨਜ਼ਰ ਆਉਣ ਨਾਲ ਭਾਰਤ ਵੱਲ ਫਿਰ ਜਹਾਜ਼ ਭਰ-ਭਰ ਕੇ ਆ ਸਕਦੇ ਹਨ, ਜਿਨ੍ਹਾਂ ਵਿਚ ਪੰਜਾਬੀਆਂ ਦੀ ਗਿਣਤੀ ਵੱਧ ਹੋ ਸਕਦੀ ਹੈ।


A CREATIVE DESIGN & PRINT SOURCE

DESIGN 360
GRAPHICS & PROMOTIONS INC.
.... create a new

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ


GRAPHIC DESIGNING

PRODUCT PHOTOGRAPHY

OFFSET / DIGITAL PRINTING

SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY


WALKER HOUSE
BRIONI
NOW SELLING
NORTH DELTA'S FLAGSHIP
HIGH-RISE COMMUNITY
Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.
Starting from the mid $400s. Parking included.
BOOK A PRIVATE VIEWING
WalkerHouseDelta.com
BMG REAL ESTATE
BUILDING COMMUNITIES
MARKETING BY
rennie
This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 29

Friday, AUG 07, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Canada's Real Estate Outlook Shaped by Uneven Housing Trends, RBC Says

Canada's housing market is expected to remain on an uneven path in the months ahead, with regional differences continuing to shape the country's real estate outlook, according to the latest analysis from RBC Economics. While lower borrowing costs and improving affordability are beginning to attract buyers back into some markets, economists caution that the recovery is unlikely to be uniform across the country. RBC says Canada's housing sector is showing early signs of stabilization after a prolonged slowdown, but market conditions vary significantly between provinces and major cities. Ontario and British Columbia, where housing prices surged sharply during the pandemic, continue to face elevated inventories and subdued buyer demand. In contrast, several Prairie provinces and parts of Atlantic Canada are experiencing relatively stronger activity due to tighter housing supply and steady population growth. The report notes that affordability has improved in many of Canada's largest metropolitan areas as home prices have moderated from their previous highs. However, the pace of improvement has slowed considerably in recent quarters. RBC's affordability measure has now improved for multiple consecutive quarters, but economists warn that gains are becoming increasingly uneven, with some regions seeing ownership costs rise once again because of limited housing supply and resilient property values.

Toronto and Vancouver remain among the country's most closely watched housing markets. While both cities have benefited from lower home prices compared with peak levels, abundant listings—particularly in the condominium segment—continue to give buyers greater negotiating power. RBC believes these markets may take longer to recover as sellers compete for a limited pool of purchasers. Looking ahead, the bank believes broader economic conditions will play a decisive role in determining the direction of the housing market. If employment remains stable, consumer confidence strengthens, and household incomes continue to rise, pent-up demand could gradually return, helping absorb excess inventory and support moderate price growth. On the other hand, renewed economic uncertainty, geopolitical tensions, or a weakening labour market could prolong sluggish activity and delay a full recovery.

## Lifestyle
REAL ESTATE GROUP

**$1,688,000**




**9709 Crown Crescent**

Beautifully maintained and updated 5 bdrm, 3.5 bath home with amazing views!


**$1,898,000**



**12905 99 Ave**

EXCELLENT opportunity for multi-family living in this 2 family duplex with room for extended family!


**$1,099,000**



**9030 James Place**

Nearly 2200 sqft 2 level family home with 4 bdrms and 3 full baths on a quiet cul-de-sac!


**$1,199,000**



**8554 - 109B Street**

Charming 3 bdrm, 2 full bath rancher set on a private 7260 sqft fully fenced lot!

**$525,000**



**#210 - 7156 - 121 St.**

Spacious & bright 2 bdrm, 2 bath upper townhome in popular Glenwood Village!

**$349,500**



**#61-32959 George Ferguson**

Spacious, bright, updated 2 bdrm upper END unit in Oakhurst Park



**Tom Edwards**
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle
REAL ESTATE GROUP



# HARMINDER S. PATTAR PREC

COLDWELL BANKER UNIVERSE REALTY

## 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**



PRIME LOCATION Well kept over 3700 sq ft house with 4 bedrooms,2 Bathroom , family Room , kitchen big covered sundeck on side upstairs .. (2+1) bedroom 2 suits & recroom with washroom in basement.. sitting on 7200 sq ft lot .. Near 124 & 82 Ave
For more info pls call

### COMMERCIAL PLAZA FOR SALE 2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$6,699,000**

### 2711 4730 LOUGHEED HIGHWAY



Welcome to North-East Facing 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private.

**$789,000**

### 3004 4890 LOUGHEED HIGHWAY



Welcome to this spacious 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private. This unit features a modernized kitchen, smart home features like radiant heated balconies and a spacious living area. Don't miss this opportunity! Contact us to book a provate showing.

**$879,000**

### #45 12036 66 AVE, SURREY $779,000



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# REALTY CLASSIFIED




KULVIR SAHOTA PREC.

778.863.2472

sahotakulvir@gmail.com

Top-selling Agent in Surrey Office

Since 2017, 2018, 2019, 2020, 50 SOLD in 2021

Medallion Member 2017, 2018, 2019

Planet Group Realty Inc.


## 14373 66 Ave Surrey BC



Two storey house,5bed 3 full bath, 2bed basement suite, 7200 sf lot, Asking:$1429K

## 12848 65 Ave Surrey



Renovated house 3bed 3bath, 6400 sf lot, Asking: 1199K,

## 12846 68 Ave Surrey



Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

## 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

## 19536 118B Ave



Two Storey house 5bed 4 full bath, 7500 lot, Asking: 1429K

## Townhouse for sale



2bed 2bath, 1246 sf, Asking: $690K

## Apartment for Sale



002-10760 135A Ave Brand new, 2bed 2bath, 800 sf, Asking: $649K

## 77 15151 Edmund Drive, Surrey



3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.

Asking $949K

## 314-7445 120 Street




## 103 13725 72A AVENUE




## 13930 77 Ave Surrey BC




## 124 13725 72A AVENUE




## 314-7445 120 Street




#11 16357 15 AVE, SURREY




#22 12730 66 AVE SURREY




6139 142 ST SURREY




#203 13895 74 AVE SURREY




14071 59A AVE, SURREY




14940 62 AVE SURREY




11700 85B AVE DELTA




[illegible], SURREY




11826 87 AVE, DELTA




#202 7445 120 ST, DELTA




#138 13898 64 AVE SURREY




13340 STANFORD PLACE SURREY




10814 130 ST SURREY





#108 5888 144 ST SURREY




#71 13706 74 AVE SURREY



# ‘ਦਿਲਜੀਤ ਦੋਸਾਂਝ ਨੂੰ ਫਿਲਮ ‘ਪੰਜਾਬ 1984’ ਨਾਲ ਹਿੰਦੀ ਸਿਨੇਮਾ ਵਿਚ ਪਛਾਣ ਮਿਲੀ’



ਕੌਮੀ ਪੁਰਸਕਾਰ ਜੇਤੂ ਅਦਾਕਾਰ ਪਵਨ ਮਲਹੋਤਰਾ ਦਾ ਮੰਨਣਾ ਹੈ ਕਿ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੂੰ ਸਭ ਤੋਂ ਪਹਿਲਾਂ ਸਾਲ 2014 ਵਿੱਚ ਆਈ ਪੰਜਾਬੀ ਫ਼ਿਲਮ ‘ਪੰਜਾਬ 1984’ ਰਾਹੀਂ ਹੀ ਹਿੰਦੀ ਫ਼ਿਲਮ ਇੰਡਸਟਰੀ ਵਿੱਚ ਪਛਾਣ ਮਿਲੀ ਸੀ ਜਿਸ ਵਿੱਚ ਉਨ੍ਹਾਂ ਦੋਵਾਂ ਨੇ ਇਕੱਠੇ ਕੰਮ ਕੀਤਾ ਸੀ।

ਪਵਨ ਮਲਹੋਤਰਾ ਨੇ ਪਹਿਲਾਂ ‘ਪੰਜਾਬ 1984’ ਅਤੇ ਬਾਅਦ ਵਿੱਚ ‘ਸੁਪਰ ਸਿੰਘ’ ਫ਼ਿਲਮ ਵਿੱਚ ਦਿਲਜੀਤ ਨਾਲ ਸਕ੍ਰੀਨ ਸਾਂਝੀ ਕੀਤੀ ਸੀ, ਉਨ੍ਹਾਂ ਨੇ ਇਸ ਪੰਜਾਬੀ ਫ਼ਿਲਮ ਦੇ ਪ੍ਰਭਾਵ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਅਨੁਰਾਗ ਸਿੰਘ ਵੱਲੋਂ ਨਿਰਦੇਸ਼ਿਤ ਇਹ ਇਤਿਹਾਸਕ ਡਰਾਮਾ ਫ਼ਿਲਮ 1984 ਦੀ ਪੰਜਾਬ ਤਰਾਸਦੀ ‘ਤੇ ਆਧਾਰਿਤ ਸੀ, ਜਿਸ ਵਿੱਚ ਕਿਰਨ ਖੇਰ ਨੇ ਵੀ ਮੁੱਖ ਭੂਮਿਕਾ ਨਿਭਾਈ ਸੀ।

ਦਿਲਜੀਤ ਦੇ ਸਫ਼ਰ ਬਾਰੇ ਗੱਲ ਕਰਦਿਆਂ ਪਵਨ ਮਲਹੋਤਰਾ ਨੇ ਦੱਸਿਆ ਕਿ ‘ਪੰਜਾਬ 1984’ ਨੇ ਦਿਲਜੀਤ ਨੂੰ ਬੌਲੀਵੁੱਡ ਇੰਡਸਟਰੀ ਤੱਕ ਪਹੁੰਚਾਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਯਾਦ ਕਰਦਿਆਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਪੰਜਾਬੀ ਫ਼ਿਲਮ ਕਰਨ ਬਾਰੇ ਸੋਚਿਆ ਸੀ ਤਾਂ ਕਈ ਲੋਕਾਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ ਕਿਉਂਕਿ ਉਸ ਸਮੇਂ ਲੋਕ ਸੋਚਦੇ ਸਨ ਕਿ ਪੰਜਾਬੀ ਸਿਨੇਮਾ ਸਿਰਫ਼ ਹਲਕੀਆਂ-ਫੁਲਕੀਆਂ ਫ਼ਿਲਮਾਂ ਤੱਕ ਹੀ ਸੀਮਤ ਹੈ ਪਰ ਇਸ ਫ਼ਿਲਮ ਨੇ ਪੰਜਾਬੀ ਸਿਨੇਮਾ ਦਾ ਪੱਧਰ ਬਹੁਤ ਉੱਚਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਡਾਇਰੈਕਟਰ ਅਨੁਰਾਗ ਸਿੰਘ ਨੇ ਇਸ ਫ਼ਿਲਮ ਵਿੱਚ ਬਹੁਤ ਹੀ ਵਧੀਆ ਕੰਮ ਕੀਤਾ। ਉਨ੍ਹਾਂ ਨੇ ਬਾਅਦ ਵਿਚ ਫ਼ਿਲਮ ‘ਬਾਰਡਰ 2’ ਵੀ ਬਣਾਈ।

ਪਵਨ ਮਲਹੋਤਰਾ ਨੇ ਦੱਸਿਆ ਕਿ ਇਸ ਫ਼ਿਲਮ ਦੀ ਕਹਾਣੀ ਨੂੰ ਬਹੁਤ ਹੀ ਸੂਝ-ਬੂਝ ਨਾਲ ਪੇਸ਼ ਕੀਤਾ ਗਿਆ ਸੀ ਜਿਸ ਕਰਕੇ ਉਹ ਇਸ ਦਾ ਹਿੱਸਾ ਬਣ ਕੇ ਬਹੁਤ ਖ਼ੁਸ਼ ਸਨ।

ਪਵਨ ਮਲਹੋਤਰਾ ਨੇ ਦਿਲਜੀਤ ਦੋਸਾਂਝ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੰਡਸਟਰੀ ਦੇ ਸਭ ਤੋਂ “ਸ਼ਾਨਦਾਰ ਅਦਾਕਾਰਾਂ” ਵਿੱਚੋਂ ਇੱਕ ਦੱਸਿਆ। ਉਨ੍ਹਾਂ ਕਿਹਾ ਕਿ ਫ਼ਿਲਮ ਵਿੱਚ ਦਿਲਜੀਤ ਦੀ ਬੋਲਣ ਦੀ ਸ਼ੈਲੀ, ਉਨ੍ਹਾਂ ਦੇ ਹਾਵ-ਭਾਵ ਅਤੇ ਹਰ ਇੱਕ ਅਦਾ ਬਹੁਤ ਕਮਾਲ ਦੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਰਨ ਖੇਰ ਦੀ ਅਦਾਕਾਰੀ ਦੀ ਵੀ ਖੂਬ ਸ਼ਲਾਘਾ ਕੀਤੀ। ਸਾਲ 2014 ਵਿੱਚ ਰਿਲੀਜ਼ ਹੋਈ ‘ਪੰਜਾਬ 1984’ ਨੇ ਪੰਜਾਬੀ ਦੌਰ ਦੇ ਦਰਦ ਅਤੇ ਮਨੁੱਖੀ ਪੱਖ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪਰਦੇ ‘ਤੇ ਪੇਸ਼ ਕੀਤਾ ਸੀ, ਜਿਸ ਨੂੰ ਆਲੋਚਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲਿਆ ਸੀ।

ਇਸ ਤੋਂ ਬਾਅਦ ਦਿਲਜੀਤ ਦੋਸਾਂਝ ਦੀ ਸਾਲ 2016 ਵਿੱਚ ਫ਼ਿਲਮ ‘ਉੜਤਾ ਪੰਜਾਬ’ ਆਈ ਸੀ। ਇਸ ਕ੍ਰਾਈਮ ਡਰਾਮਾ ਫ਼ਿਲਮ ਵਿੱਚ ਉਨ੍ਹਾਂ ਦੀ ਸ਼ਾਨਦਾਰ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਸਰਵੋਤਮ ਮੇਲ ਡੈਬਿਊ ਦਾ ਫਿਲਮਫੇਅਰ ਐਵਾਰਡ ਵੀ ਮਿਲਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦਿਲਜੀਤ ਨੇ ਪੰਜਾਬੀ ਸਿਨੇਮਾ, ਹਿੰਦੀ ਫ਼ਿਲਮਾਂ, ਸੰਗੀਤ ਦੀ ਦੁਨੀਆ ਅਤੇ ਅੰਤਰਰਾਸ਼ਟਰੀ ਸਟੇਜਾਂ ‘ਤੇ ਆਪਣੀ ਸਫ਼ਲਤਾ ਦਾ ਪਰਚਮ ਲਹਿਰਾਇਆ ਹੈ ਅਤੇ ਇੱਕ ਵੱਡਾ ਮੁਕਾਮ ਹਾਸਿਲ ਕੀਤਾ ਹੈ।

# ਜਦੋਂ ਚਾਰ ਕਰੋੜ ਦੀ ਘੜੀ ਪਾ ਕੇ ਸ਼ੋਅ ਵਿਚ ਆਏ ਕਰਨ ਔਜਲਾ

ਪੰਜਾਬੀ ਗਾਇਕ ਕਰਨ ਔਜਲਾ ਇੱਕ ਵਾਰ ਫਿਰ ਆਪਣੀ ਗਾਇਕੀ ਦੇ ਨਾਲ-ਨਾਲ ਆਪਣੇ ਮਹਿੰਗੇ ਸ਼ੌਕਾਂ ਕਾਰਨ ਚਰਚਾ ਵਿੱਚ ਹਨ। ਕਾਮੇਡੀਅਨ ਸਮਯ ਰੈਨਾ ਦੇ ਸ਼ੋਅ ਇੰਡੀਆਜ਼ ਗੌਟ ਲੇਟੈਂਟ ਦੇ ਨਵੇਂ ਐਪੀਸੋਡ ਵਿੱਚ ਕਰਨ ਔਜਲਾ ਨੇ ਕਰੀਬ 4 ਕਰੋੜ ਰੁਪਏ ਕੀਮਤ ਦੀ ਸਵਿਸ ਲਗਜ਼ਰੀ ਘੜੀ ਪਾ ਕੇ ਸ਼ਿਰਕਤ ਕੀਤੀ। ਇਸ ਐਪੀਸੋਡ ਦੌਰਾਨ ਸਮਯ ਰੈਨਾ ਦੀ ਨਜ਼ਰ ਵੀ ਵਾਰ-ਵਾਰ ਇਸ ਘੜੀ ’ਤੇ ਜਾਂਦੀ ਰਹੀ ਅਤੇ ਇਸ ਬਾਰੇ ਗੱਲਬਾਤ ਵੀ ਹੋਈ ਜਿਸ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਇਸ ਦੀ ਕਾਫ਼ੀ ਚਰਚਾ ਸ਼ੁਰੂ ਹੋ ਗਈ।

ਜਾਣਕਾਰੀ ਅਨੁਸਾਰ ਕਰਨ ਔਜਲਾ ਦੇ ਹੱਥ ਵਿੱਚ Richard Mille RM 67-02 ਮਾਡਲ ਦੀ ਘੜੀ ਸੀ, ਜਿਸ ਦੀ ਕੀਮਤ ਭਾਰਤੀ ਬਾਜ਼ਾਰ ਵਿੱਚ ਲਗਪਗ 4 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਹ ਦੁਨੀਆ ਦੀਆਂ ਸਭ ਤੋਂ ਹਲਕੀਆਂ ਆਟੋਮੈਟਿਕ ਲਗਜ਼ਰੀ ਘੜੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ ਅਤੇ ਇਸ ਦਾ ਭਾਰ ਸਿਰਫ਼ 32 ਗ੍ਰਾਮ ਹੈ। ਇਸ ਵਿੱਚ ਗ੍ਰੇਡ-5 ਟਾਈਟੇਨੀਅਮ ਅਤੇ TPT® ਵਰਗੀਆਂ ਉੱਚ ਤਕਨੀਕੀ ਸਮੱਗਰੀਆਂ ਵਰਤੀਆਂ ਗਈਆਂ ਹਨ, ਜਿਸ ਕਾਰਨ ਇਹ ਲਗਜ਼ਰੀ ਦੇ ਨਾਲ-ਨਾਲ ਇੰਜਨੀਅਰਿੰਗ ਦਾ ਵੀ ਨਮੂਨਾ ਮੰਨੀ ਜਾਂਦੀ ਹੈ।




# ਬਾਲੀਵੁੱਡ

## ਸਲਮਾਨ ਖਾਨ ਵੱਲੋਂ ਆਪਣੀ ਫੀਸ ਵਿਚ ਕਟੌਤੀ ਕੀਤੀ ਗਈ




ਬਾਲੀਵੁੱਡ ਦੇ ਮੈਗਾਸਟਾਰ ਸਲਮਾਨ ਖ਼ਾਨ, ਜੋ ਆਮ ਤੌਰ ‘ਤੇ ਆਪਣੀ ਹਰ ਫ਼ਿਲਮ ਲਈ ਲਗਭਗ 120 ਕਰੋੜ ਰੁਪਏ ਤੋਂ ਵੱਧ ਦੀ ਮੋਟੀ ਫ਼ੀਸ ਲੈਂਦੇ ਹਨ, ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ ਸਲਮਾਨ ਖ਼ਾਨ ਨੇ ਆਪਣੀ ਆਉਣ ਵਾਲੀ ਨਵੀਂ ਫ਼ਿਲਮ ‘SVC 63’ ਲਈ ਆਪਣੀ ਤੈਅ ਫ਼ੀਸ ਵਿੱਚ 50 ਕਰੋੜ ਰੁਪਏ ਦੀ ਕਟੌਤੀ ਕਰਦਿਆਂ ਸਿਰਫ਼ 70 ਕਰੋੜ ਰੁਪਏ ਲੈਣ ਦਾ ਫ਼ੈਸਲਾ ਕੀਤਾ ਹੈ।

ਦੋਸਤੀ ਲਈ ਲਿਆ ਵੱਡਾ ਫ਼ੈਸਲਾ

ਫ਼ੀਸ ਘਟਾਉਣ ਪਿੱਛੇ ਮੁੱਖ ਕਾਰਨ ਸਲਮਾਨ ਖ਼ਾਨ ਦੇ ਇੱਕ ਬਹੁਤ ਹੀ ਕਰੀਬੀ ਦੋਸਤ ਰਫ਼ੀ ਕਾਜ਼ੀ ਹਨ। ਰਫ਼ੀ ਕਾਜ਼ੀ ਇਸ ਪ੍ਰੋਜੈਕਟ ਵਿੱਚ ਇੱਕ ਵਿਚੋਲੇ ਅਤੇ ਨਿਰਮਾਤਾ ਵਜੋਂ ਸ਼ਾਮਲ ਹਨ। ਆਪਣੇ ਪੁਰਾਣੇ ਦੋਸਤ ਦੀ ਖ਼ਾਤਰ ਭਾਈਜਾਨ ਨੇ ਇਸ ਫ਼ਿਲਮ ਲਈ ਆਪਣੀ ਆਮ ਫ਼ੀਸ ਤੋਂ ਕਾਫ਼ੀ ਘੱਟ ਰਕਮ ‘ਤੇ ਕੰਮ ਕਰਨ ਦੀ ਹਾਮੀ ਭਰੀ ਹੈ।

# ਦੀਨ-ਦੁਖੀਆਂ ਦਾ 'ਭਗਤ'

ਭਗਤ ਪੂਰਨ ਸਿੰਘ ਜੀ ਦਾ ਸਮੁੱਚਾ ਜੀਵਨ ਨਿਆਸਰਿਆਂ ਅਪਾਹਜਾਂ, ਰੋਗੀਆਂ, ਗ਼ਰੀਬਾਂ ਅਤੇ ਦੀਨ-ਦੁਖੀਆਂ ਨੂੰ ਸਮਰਪਿਤ ਸੀ। ਭਗਤ ਪੂਰਨ ਸਿੰਘ ਨਿਸ਼ਕਾਮ ਸਮਾਜ ਸੇਵੀ, ਵਾਤਾਵਰਨ ਪ੍ਰੇਮੀ ਹੋਣ ਤੋਂ ਇਲਾਵਾ ਉੱਘੇ ਲੇਖਕ ਵੀ ਸਨ। ਪੰਜਾਬੀ, ਹਿੰਦੀ, ਅੰਗਰੇਜ਼ੀ 'ਚ ਅਣਗਿਣਤ ਟਰੈਕਟ, ਪੁਸਤਕਾਂ, ਇਸ਼ਤਿਹਾਰ ਛਾਪ ਕੇ ਉਹ ਸਮਾਜ 'ਚ ਮੁਫ਼ਤ ਵੰਡਦੇ ਸਨ। ਇਹਨਾਂ ਦੇ ਵਿਸ਼ੇ ਵੱਧਦੀ ਆਬਾਦੀ, ਨਸ਼ਿਆਂ ਦੀ ਲਾਹਨਤ, ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਵਾਤਾਵਰਨ ਪ੍ਰਦੂਸ਼ਣ, ਸਿਗਰਟਨੋਸ਼ੀ, ਸਮਾਜ 'ਚ ਪਸਰੀਆਂ ਅਨੇਕਾਂ ਹੋਰ ਵਿਸੰਗਤੀਆਂ ਤੋਂ ਪਾਠਕ ਵਰਗ ਨੂੰ ਸੁਚੇਤ ਕਰਨਾ ਅਤੇ ਲੋਕਾਂ ਨੂੰ ਗੁਰਮਤਿ ਦੇ ਮਾਰਗ ਤੋਂ ਜਾਣੂ ਕਰਵਾਉਣਾ ਹੁੰਦਾ ਸੀ। ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ 4 ਜੂਨ, 1904 ਨੂੰ ਪਿੰਡ ਰਾਜੇਵਾਲ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ਼ਿੱਬੂ ਮੱਲ ਅਤੇ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਸ਼ੁਰੂ 'ਚ ਘਰਦਿਆਂ ਨੇ ਉਨ੍ਹਾਂ ਦਾ ਨਾਂ ਰਾਮ ਜੀ ਦਾਸ ਰੱਖਿਆ ਪਰ ਜਗਤ 'ਚ ਉਹ ਭਗਤ ਪੂਰਨ ਸਿੰਘ ਵਜੋਂ ਪ੍ਰਸਿੱਧ ਹੋਏ। ਭਗਤ ਜੀ ਦੀ ਮਾਤਾ ਨੇ ਉਹਨਾਂ ਨੂੰ ਗੁਰੂਆਂ, ਪੀਰਾਂ



ਤੇ ਅਵਤਾਰਾਂ ਦੀਆਂ ਪ੍ਰੇਰਨਾਮਈ ਕਹਾਣੀਆਂ ਸੁਣਾ-ਸੁਣਾ ਕੇ ਸਮਾਜ ਸੇਵਾ ਦੀ ਅਜਿਹੀ ਚੇਟਕ ਲਾਈ ਕਿ ਭਗਤ ਜੀ ਨੇ ਮੁੜ ਪਿੱਛੇ ਮੁੜ ਕੇ ਨਹੀਂ ਵੇਖਿਆ। ਭਗਤ ਪੂਰਨ ਸਿੰਘ ਨੇ ਇਕ ਰਾਤ ਗੁਰਦੁਆਰਾ ਰੇਰੂ ਸਾਹਿਬ ਦੇ ਗੁਰਦੁਆਰੇ 'ਚ ਕੱਟੀ। ਇਸ ਰਾਤ ਨੇ ਭਗਤ ਪੂਰਨ ਸਿੰਘ ਦੀ ਕਾਇਆ ਕਲਪ ਕਰ ਦਿੱਤੀ। ਗੱਲ ਸੋਨੇ 'ਤੇ ਸੁਹਾਗੇ ਵਾਲੀ ਬਣੀ। ਉਹਨਾਂ ਇਸ ਰਾਤ ਗੁਰਦੁਆਰਾ ਸਾਹਿਬ 'ਚੋਂ ਲੰਗਰ-ਪ੍ਰਸ਼ਾਦਾ ਛਕਿਆ ਅਤੇ ਸਵੇਰੇ ਮਨੋਹਰ ਕੀਰਤਨ ਸੁਣਿਆ। ਭਗਤ ਜੀ ਗੁਰਦੁਆਰਾ ਸਾਹਿਬ ਦੀ ਵਿਵਸਥਾ ਅਤੇ ਗੁਰਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ। ਦਸਵੀਂ ਦਾ ਇਮਤਿਹਾਨ ਦੇਣ ਪਿੱਛੋਂ ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਰਹਿਣ ਲੱਗ ਪਏ। ਇੱਥੇ ਰਹਿ ਕੇ ਗੁਰੂ ਘਰ ਦੀ ਅਥਾਹ ਸੇਵਾ ਕਰਨ ਲੱਗੇ। ਇੱਥੇ ਰਹਿਣ ਸਮੇਂ ਸ਼ਹਿਰ ਦੀਆਂ ਸਿਰਕੱਢ ਲਾਇਬ੍ਰੇਰੀਆਂ 'ਚ ਜਾ ਕੇ ਉਹ ਮਾਸਿਕ ਪੱਤਰ, ਅਖ਼ਬਾਰਾਂ ਅਤੇ ਪੁਸਤਕਾਂ ਪੜ੍ਹਦੇ ਰਹਿੰਦੇ, ਜਿਸ ਨਾਲ ਉਹਨਾਂ ਦੀ ਜਾਣਕਾਰੀ 'ਚ ਅਥਾਹ ਵਾਧਾ ਹੋਇਆ । 1927 'ਚ ਮਹਾਤਮਾ ਗਾਂਧੀ ਜੀ ਵੱਲੋਂ ਕੱਢੇ ਜਾਂਦੇ 'ਯੰਗ ਇੰਡੀਆ' ਰਾਹੀਂ ਭਗਤ ਪੂਰਨ ਸਿੰਘ ਨੂੰ ਘਰੇਲੂ ਦਸਤਕਾਰੀ ਅਤੇ ਦੇਸ਼ ਦੀ ਆਰਥਿਕਤਾ ਦੀ ਹੋ ਰਹੀ ਤਬਾਹੀ ਦਾ ਗਿਆਨ ਹਾਸਿਲ ਹੋਇਆ। ਉਹ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਖੱਡੀ ਦਾ ਤਿਆਰ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ। 1934 'ਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਡੇਹਰਾ ਸਾਹਿਬ ਵਿਖੇ ਕੋਈ ਚਾਰ ਕੁ ਸਾਲ ਦਾ ਅਪਾਹਜ ਬੱਚਾ ਛੱਡ ਗਿਆ। ਭਗਤ ਜੀ ਨੇ ਇਸ ਲਾਵਾਰਿਸ ਬੱਚੇ ਨੂੰ ਆਪਣੀ ਸੰਭਾਲ 'ਚ ਲੈ ਕੇ ਬੜੇ ਪਿਆਰ ਨਾਲ ਉਸ ਦਾ ਪਾਲਣ ਪੋਸ਼ਣਾ ਕੀਤਾ ਅਤੇ ਉਸ ਦਾ ਨਾਂ ਪਿਆਰਾ ਸਿੰਘ ਰੱਖਿਆ। ਭਗਤ ਪੂਰਨ ਸਿੰਘ ਉਸ ਲੂਲੇ ਬੱਚੇ ਨੂੰ ਪਿੱਠ 'ਤੇ ਚੁੱਕੀ ਫਿਰਦੇ ਰਹੇ ਅਤੇ ਇਸੇ ਤਰ੍ਹਾਂ 18 ਅਗਸਤ ,1947 ਨੂੰ ਪਿਆਰਾ ਸਿੰਘ ਨੂੰ ਨਾਲ ਲੈ ਕੇ ਉਹ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ 'ਚ ਪੁੱਜ ਗਏ। ਸ਼ਰਨਾਰਥੀ ਕੈਂਪ ਖ਼ਤਮ ਹੋਣ 'ਤੇ ਭਗਤ ਪੂਰਨ ਸਿੰਘ ਨੇ ਕੁਝ ਸਮਾਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਗੁਜ਼ਾਰਿਆ। ਬਾਅਦ 'ਚ ਉਹ ਗੁਰੂ ਤੇਗ ਬਹਾਦਰ ਹਸਪਤਾਲ ਵਾਲੀ ਥਾਂ ਦੇ ਬਾਹਰਵਾਰ ਇਕ ਬੋਹੜ ਥੱਲੇ ਝੁਗੀਆਂ ਪਾ ਕੇ ਰਾਤ-ਦਿਨ ਕੱਟਦੇ ਰਹੇ। ਇਸ ਸਮੇਂ ਤੱਕ ਉਹਨਾਂ ਦੀ ਨਿਗਰਾਨੀ ਹੇਠ 25-30 ਮਰੀਜ਼ ਇਕੱਠੇ ਹੋ ਚੁੱਕੇ ਸਨ, ਜਿਨਾਂ ਦੀ ਉਹ ਸੇਵਾ-ਸੰਭਾਲ ਕਰਦੇ। ਭਗਤ ਪੂਰਨ ਸਿੰਘ ਜੀ ਨੇ 6 ਮਾਰਚ, 1957 ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ ਰਜਿਸਟਰਡ ਕਰਵਾਈ। ਭਗਤ ਪੂਰਨ ਸਿੰਘ ਜੀ ਨੇ 1958 'ਚ ਤਹਸੀਲਪੁਰਾ ਜੀਟੀ ਰੋਡ ਅੰਮ੍ਰਿਤਸਰ (ਨੇੜੇ ਬੱਸ ਸਟੈਂਡ) ਵਿਖੇ ਪਿੰਗਲਵਾੜਾ ਸ਼ੁਰੂ ਕੀਤਾ, ਜੋ ਕਿ ਹੁਣ ਇਕ ਵਿਸ਼ਾਲ ਸੰਸਥਾ ਦਾ ਰੂਪ ਧਾਰਨ ਕਰ ਚੁੱਕਿਆ ਹੈ ਅਤੇ ਉਸਦੀਆਂ ਪੰਜਾਬ 'ਚ ਕਈ ਬ੍ਰਾਂਚਾਂ ਬਣੀਆਂ ਹੋਈਆਂ ਹਨ। ਭਗਤ ਜੀ ਨੇ ਇਸ ਸੰਸਥਾ 'ਚ ਨਿਤਾਣੇ, ਨਿਆਸਰੇ ਰੋਗੀਆਂ ਨੂੰ ਦਾਖਲ ਕੀਤਾ। ਭਗਤ ਜੀ ਨੂੰ ਸਿੱਖ ਪੰਥ ਦੇ ਗੁਰਦੁਆਰਿਆਂ ਦੀਆਂ ਰੱਬੀ ਬਰਕਤਾਂ ਤੇ ਅਥਾਹ ਵਿਸ਼ਵਾਸ ਸੀ। ਭਗਤ ਜੀ ਹਰ ਵੇਲੇ ਅਕਾਲ ਪੁਰਖ ਦੇ ਸ਼ੁਕਰਾਨੇ 'ਚ ਰਹਿੰਦੇ ਸਨ ਅਤੇ ਸਮਝਦੇ ਸਨ ਕਿ ਗੁਰੂ ਮਹਾਰਾਜ ਦੀ ਅਥਾਹ ਕਿਰਪਾ ਬਗੈਰ ਉਹ ਪਿੰਗਲਵਾੜੇ ਜਿਹੀ ਮਹਾਨ ਸੰਸਥਾ ਦੀ ਸ਼ੁਰੂਆਤ ਕਰ ਕੇ ਇਸ ਨੂੰ ਚਲਾਉਣ ਤੋਂ ਅਸਮਰਥ ਰਹਿੰਦੇ। ਭਗਤ ਜੀ ਦੀ ਸਮਾਜ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਉਹਨਾਂ ਨੂੰ ਭਾਰਤ ਸਰਕਾਰ ਵੱਲੋਂ 1981 'ਚ 'ਪਦਮ ਸ਼੍ਰੀ' ਦੇ ਸਨਮਾਨ ਨਾਲ ਨਿਵਾਜਿਆ ਗਿਆ। ਉਹਨਾਂ ਨੂੰ 1991 'ਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਲੁਧਿਆਣਾ ਵੱਲੋਂ ਭਾਈ ਘਨੱਈਆ ਅਵਾਰਡ, ਬੀਡੀ ਮੁਕੰਦ ਫਾਊਂਡੇਸ਼ਨ ਵੱਲੋਂ 1991 'ਚ ਲੋਕ ਰਤਨ ਅਵਾਰਡ, 1991-92 'ਚ ਭਾਰਤ ਸਰਕਾਰ ਵੱਲੋਂ ਕੌਮੀ ਸਦਭਾਵਨਾ ਅਵਾਰਡ ਪ੍ਰਦਾਨ ਕੀਤਾ ਗਿਆ। ਭਗਤ ਪੂਰਨ ਸਿੰਘ ਜੀ ਨੂੰ ਉਹਨਾਂ ਦੇ ਪਰਉਪਕਾਰੀ ਕਾਰਜਾਂ ਸਦਕਾ ਬਹੁਤ ਸਾਰੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੇ ਸਨਮਾਨਿਤ ਕੀਤਾ। 1984 'ਚ ਵਾਪਰੇ ਸਾਕਾ ਨੀਲਾ ਤਾਰਾ ਦੇ ਵਿਰੋਧ 'ਚ ਉਹਨਾਂ ਨੇ ਰੋਸ ਪ੍ਰਗਟ ਕਰਦੇ ਹੋਏ ਪਦਮ ਸ਼੍ਰੀ ਅਵਾਰਡ ਵਾਪਸ ਕਰ ਦਿੱਤਾ ਸੀ। ਭਗਤ ਪੂਰਨ ਸਿੰਘ 5 ਅਗਸਤ ,1992 ਨੂੰ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜੇ। ਭਗਤ ਜੀ ਦੀ ਅੰਤਿਮ ਅਰਦਾਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕਮੇਟੀ ਵੱਲੋਂ ਪਿੰਗਲ ਵਾੜੇ ਨੂੰ 25000 ਰੁਪਏ ਮਾਸਿਕ ਸਹਾਇਤਾ ਦਿੱਤੀ ਜਾਇਆ ਕਰੇਗੀ। ਸ਼੍ਰੋਮਣੀ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਜੀ ਦੀ ਯਾਦ 'ਚ 'ਸ਼੍ਰੋਮਣੀ ਸੇਵਾ ਸਨਮਾਨ' ਵੀ ਸ਼ੁਰੂ ਕੀਤਾ ਗਿਆ। 'ਪੰਜਾਬ ਹੈਰੀਟੇਜ ਆਰਗੇਨਾਈਜੇਸ਼ਨ ਆਫ ਸ਼ਿਕਾਗੋ' ਨੇ ਵੀ 'ਭਗਤ ਪੂਰਨ ਸਿੰਘ ਸੇਵਾ ਪੁਰਸਕਾਰ' ਸ਼ੁਰੂ ਕੀਤਾ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ, 2004 ਨੂੰ ਭਗਤ ਪੂਰਨ ਸਿੰਘ ਦੀ ਯਾਦ 'ਚ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ। ਮਾਨਵਤਾ ਦੇ ਮਸੀਹਾ ਭਗਤ ਪੂਰਨ ਸਿੰਘ ਜੀ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ 'ਚ ਮੌਜੂਦ ਨਹੀਂ ਹਨ, ਪਰ ਆਪਣੇ ਦੁਆਰਾ ਕੀਤੇ ਕਾਰਜਾਂ ਸਦਕਾ ਉਹ ਹਮੇਸ਼ਾ ਹੀ ਜੀਵਤ ਰਹਿਣਗੇ। ਭਗਤ ਪੂਰਨ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਪਿੰਗਲਵਾੜਾ ਸਮਾਜ 'ਚ ਆਪਣਿਆਂ ਵੱਲੋਂ ਹੀ ਦੁਰਕਾਰੇ ਗਏ ਸੈਂਕੜੇ ਲੋਕਾਂ ਲਈ ਪਨਾਹ ਦੀ ਜਗ੍ਹਾ ਹੈ,ਦੀਨ-ਦੁਖੀ ਅਤੇ ਨਿਆਸਰਿਆਂ ਲਈ ਆਸ ਦੀ ਕਿਰਨ। ਪਿੰਗਲਵਾੜੇ ਦਾ ਮਹੀਨਾਵਾਰ ਖਰਚਾ ਲੱਖਾਂ ਰੁਪਏ ਹੈ, ਜਿਸ ਨੂੰ ਪਿੰਗਲਵਾੜਾ ਦੇ ਸੇਵਾਦਾਰ ਦਾਨ ਦੁਆਰਾ ਇਕੱਤਰ ਕਰਦੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਲੋਕ ਭਲਾਈ ਦੇ ਕਾਰਜ ਵਿੱਚ ਕੁਝ ਨਾ ਕੁਝ ਆਪਣਾ ਯੋਗਦਾਨ ਪਾਈਏ।


STAR AUTOBODY



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Claims
- Private Insurance Companies

SERVICE
Open Monday-Saturday - 8:30AM - 5 PM
- Courtesy Cars
- Vehicle pick-up and drop-off

*We handle private insurance claims:*
family INSURANCE
intact INSURANCE
economical INSURANCE

604-597-5151
8277-124th St., Surrey, BC V3W 9G2
Ph: 604-597-5151 / Fax: 604-597-5195
www.startautobody.net

# ਪ੍ਰਸ਼ਾਸਨ ਅਤੇ ਜੰਤਰ ਮੰਤਰ

ਮੈਂ 20 ਜੁਲਾਈ ਨੂੰ ਜੰਤਰ ਮੰਤਰ ਵਿਖੇ ਹੋਈ ਕਾਰਵਾਈ ਦਾ ਕੁਝ ਹਿੱਸਾ ਦੇਖਿਆ। ਪ੍ਰਦਰਸ਼ਨਕਾਰੀਆਂ ਦੀ ਭੀੜ ਬਹੁਤ ਵੱਡੀ ਸੀ, ਜਿਸ ਦੇ ਮੁਕਾਬਲੇ ਕਾਨੂੰਨ ਵਿਵਸਥਾ ਲਾਗੂ ਕਰਵਾਉਣ ਵਾਲੇ ਸੁਰੱਖਿਆ ਬਲਾਂ ਦੀ ਨਫ਼ਰੀ ਕਾਫ਼ੀ ਘੱਟ ਜਾਪ ਰਹੀ ਸੀ। ਵੱਡੀ ਤੇ ਅੱਥਰੀ ਭੀੜ ਦੇ ਨਾਲ-ਨਾਲ ਲੋੜੀਂਦੇ ਪੁਲੀਸ ਮੁਲਾਜ਼ਮਾਂ ਦੀ ਘਾਟ ਕੋਈ ਵੀ ਗੰਭੀਰ ਤੇ ਤਣਾਅਪੂਰਨ ਸਥਿਤੀ ਪੈਦਾ ਹੋਣ ਦੇ ਮੁੱਖ ਕਾਰਨ ਬਣਦੇ ਹਨ। ਜਦੋਂ ਮੈਂ ਇਸ ਬਾਰੇ ਸੋਚਦਾ ਹਾਂ ਤਾਂ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ 'ਕੌਕਰੋਚ ਜਨਤਾ ਪਾਰਟੀ' ਵੱਲੋਂ ਦਿੱਤੇ ਗਏ ਸੱਦੇ ਦੇ ਪ੍ਰਭਾਵ ਨੂੰ ਪਹਿਲਾਂ ਹੀ ਘਟਾ ਕੇ ਦੇਖਿਆ ਗਿਆ, ਜਿਸ ਦੇ ਨਤੀਜੇ ਵਜੋਂ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਕਾਰਵਾਈ ਢੁਕਵੀਂ ਨਹੀਂ ਸੀ।

ਪਿਛਲੇ ਘਟਨਾਕ੍ਰਮ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਇਸ ਬਹਿਸ ਵਿੱਚ 'ਕੌਕਰੋਚ' ਸ਼ਬਦ ਆਇਆ ਤਾਂ ਹਾਲਾਤ ਬਹੁਤ ਤੇਜ਼ੀ ਨਾਲ ਬਦਲਣ ਲੱਗੇ। ਬੋਸਟਨ ਤੋਂ ਆਏ ਵਿਅਕਤੀ (ਅਭਿਜੀਤ ਦੀਪਕੇ) ਨੇ ਸੰਸਦ ਵੱਲ ਮਾਰਚ ਕਰਨ ਦਾ ਸੱਦਾ ਦੇ ਕੇ ਨਵੀਂ ਦਿੱਲੀ ਵਿੱਚ ਆਪਣੀ ਸੋਚ ਮੁਤਾਬਿਕ 'ਟੀ ਪਾਰਟੀ' ਬਣਾਉਣ ਦੀ ਕੋਸ਼ਿਸ਼ ਕੀਤੀ। ਕਿਸੇ ਵੀ ਇਕੱਠ ਜਾਂ ਰੋਸ ਪ੍ਰਦਰਸ਼ਨ ਦੀ ਇਜਾਜ਼ਤ ਦੇਣਾ ਜਾਂ ਨਾ ਦੇਣਾ ਸਿਰਫ਼ ਪੁਲੀਸ ਦਾ ਹੀ ਕੰਮ ਨਹੀਂ ਹੁੰਦਾ ਸਗੋਂ ਸ਼ਹਿਰ ਜਾਂ ਸੂਬੇ ਦੀ ਅਗਵਾਈ ਕਰ ਰਿਹਾ ਸਿਵਿਲ ਪ੍ਰਸ਼ਾਸਨ ਵੀ ਇਸ ਵਿੱਚ ਸ਼ਾਮਿਲ ਹੁੰਦਾ ਹੈ।

ਪੁਲੀਸ ਬਲ ਸਟੇਟ ਦਾ ਹੀ ਇੱਕ ਸੰਦ ਹੁੰਦੇ ਹਨ, ਜਿਸ ਦਾ ਪੇਸ਼ੇਵਰ ਵਤੀਰਾ ਹੀ ਇਹ ਤੈਅ ਕਰਦਾ ਹੈ ਕਿ ਕੋਈ ਸਥਿਤੀ ਵਿਗੜੇਗੀ ਜਾਂ ਸ਼ਾਂਤ ਹੋਵੇਗੀ। ਅਧਿਕਾਰੀਆਂ ਕੋਲੋਂ ਤਿਆਰੀ ਤੇ ਯੋਜਨਾਬੰਦੀ ਕਰਨ ਦਾ ਮੌਕਾ ਖੁੰਝ ਗਿਆ ਕਿਉਂਕਿ ਉਨ੍ਹਾਂ ਨੇ ਇਸ ਵਿਰੋਧ ਪ੍ਰਦਰਸ਼ਨ ਨੂੰ ਮਿਲਣ ਵਾਲੇ ਹੁੰਗਾਰੇ ਦਾ ਸਹੀ ਢੰਗ ਨਾਲ ਅੰਦਾਜ਼ਾ ਨਹੀਂ ਸੀ ਲਗਾਇਆ, ਜਿਸ ਕਾਰਨ ਇਹ ਮਾਮਲਾ ਅੱਗੇ ਵਧਣ ਮਗਰੋਂ ਹਾਲਾਤ ਬੇਮੇਲ ਟਕਰਾਅ ਵਾਲੇ ਹੋ ਗਏ।

ਆਮ ਤੌਰ 'ਤੇ ਜਦੋਂ ਵੀ ਅਜਿਹਾ ਕੋਈ ਮਾਰਚ ਕੱਢਣ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਹਰਕਤ ਵਿੱਚ ਆ ਜਾਂਦਾ ਹੈ। ਜ਼ਿਲ੍ਹਾ ਮੈਜਿਸਟਰੇਟ (ਡਿਪਟੀ ਕਮਿਸ਼ਨਰ) ਅਤੇ ਪੁਲੀਸ ਮੁਖੀ (ਐੱਸ ਪੀ), ਇੰਟੈਲੀਜੈਂਸ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹਨ। ਉਹ ਖ਼ਤਰੇ ਦੇ ਪੱਧਰ ਦਾ ਮੁਲਾਂਕਣ ਕਰ ਕੇ ਇਸ ਨਾਲ ਨਜਿੱਠਣ ਲਈ ਪਹਿਲਾਂ ਹੀ ਐਮਰਜੈਂਸੀ ਯੋਜਨਾਵਾਂ ਤਿਆਰ ਕਰਦੇ ਹਨ। ਸੁਰੱਖਿਆ ਬਲਾਂ ਦੀ ਨਫ਼ਰੀ ਦੀ ਲੋੜ ਦੇ ਨਾਲ-ਨਾਲ ਲਾਠੀਚਾਰਜ ਕਰਨ ਵਾਲੇ ਦਸਤੇ, ਅੱਥਰੂ ਗੈਸ ਅਤੇ ਹਥਿਆਰਬੰਦ ਜਵਾਨਾਂ ਆਦਿ ਦੀ ਉਪਲਬਧਤਾ ਦਾ ਹਿਸਾਬ ਲਾਇਆ ਜਾਂਦਾ ਹੈ। ਜੇ ਹੋਰ ਮੁਲਾਜ਼ਮਾਂ ਜਾਂ ਸਾਜ਼ੋ-ਸਾਮਾਨ ਦੀ ਲੋੜ ਹੋਵੇ ਤਾਂ ਉਸ ਦੀ ਮੰਗ ਕੀਤੀ ਜਾਂਦੀ ਹੈ।

ਪ੍ਰਬੰਧਾਂ ਦੀ ਦੇਖ-ਰੇਖ ਲਈ ਤਾਇਨਾਤ ਕੀਤੇ ਜਾਣ ਵਾਲੇ ਅਧਿਕਾਰੀਆਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ ਅਤੇ ਸਿਰਫ਼ ਉਨ੍ਹਾਂ ਅਧਿਕਾਰੀਆਂ ਨੂੰ ਚੁਣਿਆ ਜਾਂਦਾ ਹੈ, ਜਿਨ੍ਹਾਂ ਕੋਲ ਅਜਿਹੇ ਹਾਲਾਤ ਨਾਲ ਨਜਿੱਠਣ ਦਾ ਤਜਰਬਾ ਹੁੰਦਾ ਹੈ। ਇਸ ਦੇ ਨਾਲ ਹੀ ਕਾਰਜਕਾਰੀ ਮੈਜਿਸਟਰੇਟਾਂ ਨੂੰ ਪੁਲੀਸ ਅਧਿਕਾਰੀਆਂ ਦੇ ਨਾਲ ਤਾਇਨਾਤ ਕੀਤਾ ਜਾਂਦਾ ਹੈ। ਇਲਾਕੇ ਨੂੰ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਇਨ੍ਹਾਂ ਅਧਿਕਾਰੀਆਂ ਨੂੰ ਖ਼ਾਸ ਖੇਤਰਾਂ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਉਪਰੋਕਤ ਸਾਰੇ ਨੁਕਤਿਆਂ ਦਾ ਧਿਆਨ ਰੱਖੇ ਜਾਣ ਸਬੰਧੀ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਨ ਅਤੇ ਇਹ ਲਾਗੂ ਹੋਣਾ ਯਕੀਨੀ ਬਣਾਉਣ ਲਈ ਇੱਕ ਬਹੁਤ ਸੀਨੀਅਰ ਅਧਿਕਾਰੀ ਨੂੰ ਤਾਇਨਾਤ ਕੀਤਾ ਜਾਂਦਾ ਹੈ। ਉਹ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਜਾਣਕਾਰੀ ਦਿੰਦਾ ਅਤੇ ਅੱਗੇ ਆਪਣੇ ਇਲਾਕੇ ਦੇ ਜ਼ਿੰਮੇਵਾਰ ਅਧਿਕਾਰੀਆਂ ਤੇ ਜਵਾਨਾਂ ਨੂੰ ਇਸ ਬਾਰੇ ਸਮਝਾਉਂਦਾ ਹੈ।

ਅਧਿਕਾਰੀਆਂ ਅਤੇ ਜਵਾਨਾਂ ਨੂੰ ਸਥਿਤੀ ਬਾਰੇ ਸਮਝਾਉਣਾ (ਬ੍ਰੀਫਿੰਗ) ਸਭ ਤੋਂ ਵੱਧ ਅਹਿਮ ਹੁੰਦਾ ਹੈ ਤਾਂ ਜੋ ਹਰ ਇੱਕ ਅਧਿਕਾਰੀ ਤੇ ਕਰਮਚਾਰੀ, ਸਭ ਨੂੰ ਖ਼ਤਰੇ ਅਤੇ ਜਵਾਬੀ ਕਾਰਵਾਈ ਬਾਰੇ ਪਤਾ ਹੋਵੇ। ਭੀੜ ਨੂੰ ਖਿੰਡਾਉਣ ਜਾਂ ਕੰਟਰੋਲ ਕਰਨ ਲਈ ਘੱਟੋ-ਘੱਟ ਤਾਕਤ ਦੀ ਵਰਤੋਂ ਕਰਨ ਦਾ ਸਿਧਾਂਤ ਅਪਣਾਉਣਾ ਚਾਹੀਦਾ ਹੈ। ਅਧਿਕਾਰੀਆਂ ਅਤੇ ਜਵਾਨਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਾਡੇ ਆਪਣੇ ਹੀ ਭੈਣ ਭਰਾ ਹਨ ਅਤੇ ਅਸੀਂ ਇਨ੍ਹਾਂ ਨਾਲ ਦੁਸ਼ਮਣਾਂ ਵਰਗਾ ਵਿਹਾਰ ਨਹੀਂ ਕਰਨਾ ਹੈ। ਵੱਧ ਤੋਂ ਵੱਧ ਨਤੀਜੇ ਹਾਸਿਲ ਕਰਨ ਲਈ ਘੱਟੋ-ਘੱਟ ਤਾਕਤ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਪੂਰੇ ਅਪਰੇਸ਼ਨ ਦੀ ਨੇੜਿਓਂ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਅੱਥਰੂ ਗੈਸ ਵਾਲੇ ਦਸਤੇ ਨੂੰ ਕਿਸੇ ਖ਼ਾਸ ਰਣਨੀਤਕ ਥਾਂ 'ਤੇ ਕਿਸੇ ਗਜ਼ਟਿਡ ਅਫਸਰ (ਜੀ ਓ) ਦੀ ਦੇਖ-ਰੇਖ ਹੇਠ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ, ਜੋ ਸਿਰਫ਼ ਉਸੇ ਅਧਿਕਾਰੀ ਦੇ ਹੁਕਮਾਂ ਤਹਿਤ ਕੰਮ ਕਰੇ। ਇਸੇ ਤਰ੍ਹਾਂ ਹਥਿਆਰਬੰਦ ਦਸਤਾ ਵੀ ਕਿਸੇ ਗਜ਼ਟਿਡ ਅਫਸਰ ਦੇ ਮਾਤਹਿਤ ਕਿਸੇ ਸੁਰੱਖਿਅਤ ਥਾਂ 'ਤੇ ਮੌਜੂਦ ਹੋਣਾ ਚਾਹੀਦਾ ਹੈ ਅਤੇ ਉਹ ਵੀ ਸਿਰਫ਼ ਉਸੇ ਅਧਿਕਾਰੀ ਦੇ ਹੁਕਮਾਂ 'ਤੇ ਕਾਰਵਾਈ ਕਰੇ। ਅੱਥਰੂ ਗੈਸ ਵਾਲੇ ਹਥਿਆਰ ਅਤੇ ਹੋਰ ਹਥਿਆਰ ਆਮ ਬਲਾਂ ਨੂੰ ਨਹੀਂ ਦਿੱਤੇ ਜਾਣੇ ਚਾਹੀਦੇ, ਉਨ੍ਹਾਂ ਕੋਲ ਸਿਰਫ਼ ਲਾਠੀਆਂ ਹੀ ਹੋਣ।

ਪ੍ਰਬੰਧਾਂ ਦਾ ਇੱਕ ਹੋਰ ਬਹੁਤ ਜ਼ਰੂਰੀ ਹਿੱਸਾ ਕੰਟਰੋਲ ਰੂਮ ਹੈ, ਜੋ ਕਾਰਜ ਖੇਤਰ ਦੇ ਨੇੜੇ ਹੀ ਬਣਾਇਆ ਜਾਣਾ ਚਾਹੀਦਾ ਹੈ ਅਤੇ ਸੀਨੀਅਰ ਅਧਿਕਾਰੀਆਂ ਵੱਲੋਂ ਇਸ ਅੰਦਰ ਦਿਨ-ਰਾਤ ਡਿਊਟੀ ਦਿੱਤੀ ਜਾਣੀ ਚਾਹੀਦੀ ਹੈ। ਕੰਟਰੋਲ ਰੂਮ ਤੇ ਵੱਖ-ਵੱਖ ਖੇਤਰਾਂ ਦੇ ਇੰਚਾਰਜ ਅਧਿਕਾਰੀਆਂ ਕੋਲ ਸੰਚਾਰ (ਕਮਿਊਨੀਕੇਸ਼ਨ) ਦੇ ਨਵੀਨਤਮ ਉਪਕਰਨ ਹੋਣੇ ਚਾਹੀਦੇ ਹਨ ਅਤੇ ਸੰਚਾਰ ਦੀ ਕਾਰਗਰ ਪ੍ਰਣਾਲੀ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ। ਪੁਲੀਸ ਅਤੇ ਕਾਰਜਕਾਰੀ ਅਧਿਕਾਰੀਆਂ ਨੂੰ ਆਪਣੇ ਦਫ਼ਤਰਾਂ ਤੱਕ ਹੀ ਸੀਮਿਤ ਨਹੀਂ ਰਹਿਣਾ ਚਾਹੀਦਾ ਸਗੋਂ ਇਨ੍ਹਾਂ ਸੀਨੀਅਰ ਅਧਿਕਾਰੀਆਂ ਨੂੰ ਇਸ ਕੰਟਰੋਲ ਰੂਮ ਵਿੱਚ ਹੋਣਾ ਚਾਹੀਦਾ ਹੈ। ਇੱਕ ਵਾਰ ਪ੍ਰਬੰਧ ਮੁਕੰਮਲ ਹੋ ਜਾਣ, ਅਧਿਕਾਰੀਆਂ ਤੇ ਜਵਾਨਾਂ ਨੂੰ ਹਦਾਇਤਾਂ ਦੇ ਦਿੱਤੀਆਂ ਜਾਣ ਅਤੇ ਅਭਿਆਸ (ਰਿਹਰਸਲ) ਕਰਵਾ ਲਿਆ ਜਾਵੇ ਤਾਂ ਸੀਨੀਅਰ ਅਧਿਕਾਰੀਆਂ ਨੂੰ ਇਕੱਠ ਵਿੱਚ ਲੋਕਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਇਰਾਦਿਆਂ ਬਾਰੇ ਤਾਜ਼ਾ ਜਾਣਕਾਰੀ ਲੈਣ ਲਈ ਸੂਹੀਆ ਏਜੰਸੀਆਂ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ। ਜੇ ਸੰਭਵ ਹੋਵੇ ਤਾਂ ਸੀਨੀਅਰ ਸਿਵਲ ਅਤੇ ਪੁਲੀਸ ਅਧਿਕਾਰੀਆਂ ਨੂੰ ਪ੍ਰਬੰਧਕਾਂ ਨੂੰ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ਼ਾਂਤਮਈ ਤੇ ਅਨੁਸ਼ਾਸਿਤ ਢੰਗ ਨਾਲ ਰੋਸ ਪ੍ਰਦਰਸ਼ਨ ਕਰਨ ਦੀ ਅਹਿਮੀਅਤ ਬਾਰੇ ਸਮਝਾਉਣਾ ਚਾਹੀਦਾ ਹੈ। ਇਹ ਕੋਸ਼ਿਸ਼ ਵੱਖ-ਵੱਖ ਪੱਧਰਾਂ 'ਤੇ ਕੀਤੀ ਜਾਣੀ ਚਾਹੀਦੀ ਹੈ, ਜਿਸ ਦੇ ਆਮ ਤੌਰ 'ਤੇ ਚੰਗੇ ਨਤੀਜੇ ਨਿਕਲਦੇ ਹਨ। ਉਸ ਦਿਨ ਮੈਂ ਟੀਵੀ 'ਤੇ ਦੇਖਿਆ ਕਿ ਇੱਕ ਪੁਲੀਸ ਵਾਲਾ ਬਿਨਾਂ ਕਿਸੇ ਦਿਸ਼ਾ ਜਾਂ ਮਕਸਦ ਤੋਂ ਅੱਥਰੂ ਗੈਸ ਦੇ ਗੋਲੇ ਸੁੱਟ ਰਿਹਾ ਸੀ। ਇਸੇ ਤਰ੍ਹਾਂ ਭੱਜ ਰਹੇ ਪ੍ਰਦਰਸ਼ਨਕਾਰੀ ਦੇਖੇ, ਜਿਨ੍ਹਾਂ ਦਾ ਪਿੱਛਾ ਹਰ ਕਿਸਮ ਦੀਆਂ ਲਾਠੀਆਂ ਅਤੇ ਡੰਡਿਆਂ ਨਾਲ ਲੈਸ ਪੁਲੀਸ ਵਾਲੇ ਕਰ ਰਹੇ ਸਨ। ਉਹ ਇੱਕ-ਦੋ ਪ੍ਰਦਰਸ਼ਨਕਾਰੀਆਂ ਨੂੰ ਫੜ ਕੇ ਉਨ੍ਹਾਂ ਦੀ ਕੁੱਟਮਾਰ ਕਰ ਰਹੇ ਸਨ। ਵਰਦੀਧਾਰੀ ਬਲਾਂ ਦੀ ਕਾਰਵਾਈ ਸੰਗਠਿਤ ਯਤਨ ਹੋਣੀ ਚਾਹੀਦੀ ਹੈ; ਲਾਠੀਚਾਰਜ ਅਜਿਹੇ ਜਵਾਨਾਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ, ਜੋ ਭੀੜ ਨੂੰ ਖਿੰਡਾਉਣ ਪੱਖੋਂ ਕਾਰਗਰ ਹੋਣ। ਅਨਿਯਮਿਤ ਅਤੇ ਅਸੰਗਠਿਤ ਢੰਗ ਨਾਲ ਕੀਤੀ ਗਈ ਕਿਸੇ ਵੀ ਕਾਰਵਾਈ ਦੇ ਕੋਈ ਸਕਾਰਾਤਮਕ ਸਿੱਟੇ ਨਹੀਂ ਨਿਕਲਦੇ। ਇਸ ਨਾਲ ਸਿਰਫ਼ ਬਹੁਤਾ ਜ਼ੋਰ ਵਰਤਣ (ਤਸ਼ੱਦਦ) ਦੇ ਦੋਸ਼ ਲੱਗਦੇ ਹਨ ਜਾਂ ਸਿਰਾਂ 'ਤੇ ਗੰਭੀਰ ਸੱਟਾਂ ਵਰਗੇ ਮਾੜੇ ਨਤੀਜੇ ਸਾਹਮਣੇ ਆਉਂਦੇ ਹਨ। ਤਾਕਤ ਦੀ ਵਰਤੋਂ ਕਰਨੀ ਹੀ ਪਵੇ ਤਾਂ ਦੇਖ-ਰੇਖ ਹੇਠ ਇਸ ਤਰ੍ਹਾਂ ਹੋਣੀ ਚਾਹੀਦੀ ਹੈ, ਜੋ ਭੀੜ ਨੂੰ ਖਿੰਡਾਉਣ ਲਈ ਸੰਭਲ ਕੇ, ਸੰਤੁਲਿਤ ਢੰਗ ਨਾਲ ਭੀੜ ਨੂੰ ਖਿੰਡਾਉਣ ਲਈ ਕਾਫ਼ੀ ਹੋਵੇ। ਇਸ ਦਾ ਮਕਸਦ ਕਿਸੇ ਵੀ ਕੀਮਤ 'ਤੇ ਦੁਸ਼ਮਣ ਨੂੰ ਹਰਾ ਦੇਣਾ ਨਹੀਂ ਹੁੰਦਾ ਕਿਉਂਕਿ ਅਜਿਹਾ ਕਰਨ ਨਾਲ ਪ੍ਰਦਰਸ਼ਨ ਹੋਰ ਭੜਕਦੇ ਹਨ ਅਤੇ ਲੋਕਾਂ ਵਿੱਚ ਗੁੱਸਾ ਪੈਦਾ ਹੁੰਦਾ ਹੈ।

ਇੱਕ ਵਾਰ ਟੀਚਾ ਹਾਸਲ ਹੋ ਜਾਣ ਮਗਰੋਂ ਜਵਾਨਾਂ ਅਤੇ ਸਾਜ਼ੋ-ਸਾਮਾਨ ਨੂੰ ਤਰਤੀਬਵਾਰ ਢੰਗ ਨਾਲ ਪਿੱਛੇ ਹਟਾਉਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਹਰ ਇੱਕ ਵਿਅਕਤੀ, ਲਾਠੀ, ਅੱਥਰੂ ਗੈਸ ਦੇ ਗੋਲੇ ਅਤੇ ਗੋਲੀਆਂ ਦਾ ਪੂਰਾ ਹਿਸਾਬ ਹੋਣਾ ਚਾਹੀਦਾ ਹੈ। ਜ਼ਖ਼ਮੀ ਅਧਿਕਾਰੀਆਂ ਅਤੇ ਪ੍ਰਦਰਸ਼ਨਕਾਰੀਆਂ ਦੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਜੇ ਲੋੜ ਪਵੇ ਤਾਂ ਉਨ੍ਹਾਂ ਨੂੰ ਨਿਰਧਾਰਤ ਹਸਪਤਾਲਾਂ ਵਿੱਚ ਪਹੁੰਚਾਇਆ ਜਾਣਾ ਚਾਹੀਦਾ ਹੈ।

ਇਹ ਵਿਸ਼ਾ ਬਹੁਤ ਵਿਸ਼ਾਲ ਹੈ ਅਤੇ ਮੈਂ ਯੋਜਨਾਬੰਦੀ ਦੀ ਮਹੱਤਤਾ ਅਤੇ ਪੁਰਾਣੇ ਨਿਰਧਾਰਿਤ ਨਿਯਮਾਂ ਤੇ ਵਿਧੀਆਂ ਦੀ ਪਾਲਣਾ ਕਰਨ 'ਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਦਿੱਲੀ ਪ੍ਰਸ਼ਾਸਨ ਲਈ ਇਹ ਚੰਗਾ ਰਹੇਗਾ ਕਿ ਉਹ ਇਸ ਗੱਲ ਦੀ ਅੰਦਰੂਨੀ ਤੌਰ 'ਤੇ ਡੂੰਘਾਈ ਨਾਲ ਜਾਂਚ ਕਰੇ ਕਿ ਕੀ ਵਾਪਰਿਆ ਅਤੇ ਇਸ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਸੀ। ਅੱਜ ਸਮੱਸਿਆ ਇਹ ਹੈ ਕਿ ਤੈਅ ਕੀਤੇ ਗਏ ਬਹੁਤੇ ਨਿਯਮਾਂ ਨੂੰ ਅਣਡਿੱਠ ਕਰ ਦਿੱਤਾ ਜਾਂਦਾ ਹੈ ਜਾਂ ਫਿਰ ਉਨ੍ਹਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਅਧਿਕਾਰੀਆਂ ਅਤੇ ਸਿਖਲਾਈ ਅਕੈਡਮੀਆਂ ਵੱਲੋਂ ਨਿਯਮਿਤ ਸਿਖਲਾਈ ਅਤੇ ਮੁਆਇਨੇ ਨੂੰ ਦਿੱਤੀ ਜਾਂਦੀ ਅਹਿਮੀਅਤ ਦੇ ਬਹੁਤ ਸਾਰੇ ਫ਼ਾਇਦੇ ਸਨ। ਅੱਜ ਸਾਡੇ ਪੁਲੀਸ ਬਲਾਂ ਦੇ ਸੱਭਿਆਚਾਰ ਤੇ ਕੰਮਕਾਜ ਵਿੱਚ ਹੀ ਨਹੀਂ ਸਗੋਂ ਪੂਰੇ ਫ਼ੌਜਦਾਰੀ ਨਿਆਂ ਪ੍ਰਬੰਧ ਵਿੱਚੋਂ ਬਹੁਤ ਕੁਝ ਨਦਾਰਦ ਹੋ ਗਿਆ ਹੈ।






WCC **WESTERN** COMMUNITY COLLEGE

# REGISTERED MASSAGE THERAPIST

PROGRAM

## START YOUR **RMT JOURNEY**

Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.

**FLEXIBLE**
SCHEDULES

**FINANCIAL AID**
AVAILABLE

**97%**
**GRADUATE**
EMPLOYMENT RATE

**$80***
**HOURLY WAGE**
AVERAGE

SURREY CAMPUS | 604.594.3500 | WCC.CA/RMT



# ਬਾਂਕੀਪੁਰ ਵਿੱਚ ਨਿਤਿਨ ਨਬੀਨ ਦੀ ਸੀਟ ’ਤੇ ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਉਮੀਦਵਾਰ ਨੂੰ 19,324 ਵੋਟਾਂ ਨਾਲ ਹਰਾਇਆ

ਬਿਹਾਰ, ਮੱਧ ਪ੍ਰਦੇਸ਼ ਅਤੇ ਗੁਜਰਾਤ ਦੀਆਂ ਤਿੰਨ ਵਿਧਾਨ ਸਭਾ ਸੀਟਾਂ ਉੱਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਆ ਗਏ ਹਨ। ਬਿਹਾਰ ਦੇ ਬਾਂਕੀਪੁਰ ਵਿੱਚ ਜਨਸੁਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਜਿੱਤ ਗਏ ਹਨ। ਇਹ ਬਾਂਕੀਪੁਰ ਸੀਟ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਰਵਾਇਤੀ ਸੀਟ ਮੰਨੀ ਜਾਂਦੀ ਹੈ, ਜਿੱਥੇ ਉਹ ਲਗਾਤਾਰ ਪੰਜ ਵਾਰ ਵਿਧਾਇਕ ਰਹੇ ਸਨ। ਉਨ੍ਹਾਂ ਦੇ ਰਾਜ ਸਭਾ ਚਲੇ ਜਾਣ ਕਾਰਨ ਇਸ ਖਾਲੀ ਹੋਈ ਸੀਟ ਉੱਤੇ ਉਪ-ਚੋਣ ਕਰਵਾਈ ਗਈ ਸੀ, ਜਿੱਥੇ ਹੁਣ ਪ੍ਰਸ਼ਾਂਤ ਕਿਸ਼ੋਰ ਦੀ ਜਿੱਤ ਤੈਅ ਹੈ।

ਬਿਹਾਰ ਦੇ ਬਾਂਕੀਪੁਰ ਵਿੱਚ ਨਿਤਿਨ ਨਬੀਨ ਦੀ ਸੀਟ ਉੱਤੇ ਪ੍ਰਸ਼ਾਂਤ ਕਿਸ਼ੋਰ ਜਿੱਤ ਗਏ ਹਨ। ਜਨ ਸੁਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ 19,324 ਵੋਟਾਂ ਨਾਲ ਜਿੱਤੇ ਹਨ। ਪ੍ਰਸ਼ਾਂਤ ਕਿਸ਼ੋਰ ਨੂੰ 64,151 ਵੋਟ ਮਿਲੇ, ਜਦਕਿ ਭਾਜਪਾ ਉਮੀਦਵਾਰ ਨੀਰਜ ਕੁਮਾਰ ਨੂੰ 44,827 ਵੋਟ ਮਿਲੇ ਹਨ।

**ਗਿਣਤੀ ਦੌਰਾਨ ਚੋਣ ਕਮਿਸ਼ਨ ਦੀ ਵੈੱਬਸਾਈਟ ’ਤੇ ਆਈ ਤਕਨੀਕੀ ਖਰਾਬੀ**

ਵੋਟਾਂ ਦੀ ਗਿਣਤੀ ਦੌਰਾਨ ਚੋਣ ਕਮਿਸ਼ਨ ਦੀ ਵੈੱਬਸਾਈਟ ਉੱਤੇ ਤਕਨੀਕੀ ਖਰਾਬੀ ਦੇਖਣ ਨੂੰ ਮਿਲੀ। ਸਵੇਰ ਤੋਂ ਵੈੱਬਸਾਈਟ ਉੱਤੇ 31 ਰਾਊਂਡਾਂ ਦੀ ਗਿਣਤੀ ਦੱਸੀ ਜਾ ਰਹੀ ਸੀ। ਜਿਵੇਂ ਹੀ 31 ਗੇੜ ਪੂਰੇ ਹੋਏ ਤਾਂ ਪਹਿਲਾਂ 32 ਅਤੇ ਫਿਰ 36 ਗੇੜਾਂ ਦੀ ਗਿਣਤੀ ਦਿਖਾਈ ਜਾਣ ਲੱਗੀ। ਬਾਅਦ ਵਿੱਚ ਫਿਰ ਤੋਂ 32 ਗੇੜਾਂ ਦੀ ਗਿਣਤੀ ਹੀ ਦਿਖਾ ਦਿੱਤੀ ਗਈ।

**ਮੱਧ ਪ੍ਰਦੇਸ਼ ਅਤੇ ਗੁਜਰਾਤ ਦੀਆਂ ਉਪ-ਚੋਣਾਂ ਦੇ ਨਤੀਜੇ**

ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਦਤੀਆ ਵਿੱਚ ਕਾਂਗਰਸ ਉਮੀਦਵਾਰ ਘਨਸ਼ਾਮ ਸਿੰਘ ਨੇ 6,016 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ। ਇੱਥੇ ਭਾਜਪਾ ਨੇ ਸਾਬਕਾ ਗ੍ਰਿਹ ਮੰਤਰੀ ਨਰੋਤਮ ਮਿਸ਼ਰਾ ਦੀ ਟਿਕਟ ਕੱਟ ਕੇ ਆਸ਼ੁਤੋਸ਼ ਤਿਵਾੜੀ ਨੂੰ ਆਪਣਾ ਉਮੀਦਵਾਰ ਬਣਾਇਆ ਸੀ ਪਰ ਆਸ਼ੁਤੋਸ਼ ਨਰੋਤਮ ਮਿਸ਼ਰਾ ਦੇ ਆਪਣੇ ਪੋਲਿੰਗ ਬੂਥ ਉੱਤੇ ਵੀ ਜਿੱਤ ਹਾਸਲ ਨਹੀਂ ਕਰ ਸਕੇ।

ਉੱਧਰ ਗੁਜਰਾਤ ਦੇ ਮੰਜਲਪੁਰ ਵਿੱਚ ਭਾਜਪਾ ਦੇ ਸਤੇਂਦਰਭਾਈ (ਸਤੀਸ਼) ਪਟੇਲ ਨੇ 30,630 ਵੋਟਾਂ ਦੇ ਵੱਡੇ ਅੰਤਰ ਨਾਲ ਵਿਰੋਧੀ ਪਾਰਟੀ ਨੂੰ ਹਰਾਇਆ। ਉਨ੍ਹਾਂ ਨੇ ਕਾਂਗਰਸ ਉਮੀਦਵਾਰ ਭਿਖਾਭਾਈ ਨੂੰ ਮਾਤ ਦਿੱਤੀ। ਜ਼ਿਕਰਯੋਗ ਹੈ ਕਿ ਇਨ੍ਹਾਂ ਤਿੰਨਾਂ ਰਾਜਾਂ ਦੀਆਂ ਸੀਟਾਂ ਉੱਤੇ 30 ਜੁਲਾਈ ਨੂੰ ਵੋਟਿੰਗ ਹੋਈ ਸੀ।


JASSAL SIGNS

*From Concept to Completion*







- *Vehicle Wraps*
- *Business Cards Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਪੰਥਕ ਮਾਮਲਿਆਂ ’ਚ ਦਖ਼ਲ ਬਰਦਾਸ਼ਤ ਨਹੀਂ: ਗੜਗੱਜ

## ਮੀਰੀ ਪੀਰੀ ਖਾਲਸਾ ਮਾਰਚ ਦਾ ਉਦੇਸ਼ ਗੁਰੂ ਸਾਹਿਬ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਹੈ, ਇਸ ਦਾ ਕੋਈ ਸਿਆਸੀ ਮਕਸਦ ਨਹੀਂ ਹੈ: ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇ ਕੋਈ ਪੰਥਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰੇਗਾ ਤਾਂ ਅਕਾਲ ਤਖ਼ਤ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਬੋਲੇਗਾ ਵੀ, ਸਬੰਧਤ ਵਿਅਕਤੀਆਂ ਨੂੰ ਤਲਬ ਵੀ ਕਰੇਗਾ ਅਤੇ ਜੇ ਉਹ ਆਪਣੇ ਵਾਅਦੇ ਤੋਂ ਮੁੱਕਰਨਗੇ ਤਾਂ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਵੀ ਕੀਤੀ ਜਾਵੇਗੀ। ਮੀਰੀ ਪੀਰੀ ਖਾਲਸਾ ਮਾਰਚ ਦੇ ਗੁਰਦੁਆਰਾ ਹਾਜੀਰਤਨ ਸਾਹਿਬ, ਬਠਿੰਡਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲ ਰਵਾਨਾ ਹੋਣ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੰਗਤ ਸਿੱਖ ਧਰਮ ਦਾ ਪਾਵਨ ਅਤੇ ਰੂਹਾਨੀ ਸੰਕਲਪ ਹੈ। ਇਸ ਦੀ ਤੁਲਨਾ ਕਿਸੇ ਵੀ ਸਿਆਸੀ ਇਕੱਠ ਨਾਲ ਕਰਨਾ ਗੁਰਮਤਿ ਦੇ ਸਿਧਾਂਤਾਂ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਪੰਥਕ ਮਾਮਲਿਆਂ, ਗੁਰੂ ਘਰ ਦੀ ਮਰਿਆਦਾ ਅਤੇ ਸਿੱਖ ਸੰਸਥਾਵਾਂ ਵਿੱਚ ਦਖ਼ਲਅੰਦਾਜ਼ੀ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤੀ ਜਾਵੇਗੀ। ਬੇਅਦਬੀ ਸਬੰਧੀ ਕਾਨੂੰਨ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਤਰਾਜ਼ਯੋਗ ਮੱਦਾਂ ਹਟਾਏ ਬਿਨਾਂ ਅਜਿਹਾ ਕਾਨੂੰਨ ਸਿੱਖ ਕੌਮ ਲਈ ਪ੍ਰਵਾਨਯੋਗ ਨਹੀਂ ਹੋਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ ਪੀਰੀ ਖਾਲਸਾ ਮਾਰਚ ਦਾ ਉਦੇਸ਼ ਗੁਰੂ ਸਾਹਿਬ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਹੈ, ਇਸ ਦਾ ਕੋਈ ਸਿਆਸੀ ਮਕਸਦ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਥਕ ਫ਼ੈਸਲਿਆਂ ਦਾ ਅਧਿਕਾਰ ਸਿਰਫ਼ ਅਕਾਲ ਤਖ਼ਤ ਕੋਲ ਹੈ ਅਤੇ ਇਸ ਵਿੱਚ ਸਿਆਸੀ ਦਖ਼ਲ ਪੰਥ ਦੀ ਸੁਤੰਤਰਤਾ ਲਈ ਗੰਭੀਰ ਖ਼ਤਰਾ ਹੈ।

**ਮੀਰੀ ਪੀਰੀ ਖਾਲਸਾ ਮਾਰਚ ਦਾ ਭਰਵਾਂ ਸਵਾਗਤ**

**ਭੁੱਚੋ ਮੰਡੀ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਪਿੰਡ ਭੁੱਚੋਂ ਖੁਰਦ, ਚੱਕ ਫ਼ਤਿਹ ਸਿੰਘ ਵਾਲਾ ਅਤੇ ਚੱਕ ਰਾਮ ਸਿੰਘ ਵਾਲਾ ਵਿੱਚ ਮੀਰੀ ਪੀਰੀ ਖਾਲਸਾ ਮਾਰਚ ਕੱਢਿਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ ਇਸ ਮਾਰਚ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਐੱਸ ਜੀ ਪੀ ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਮੌਜੂਦ ਵੀ ਸਨ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਘੱਟ ਰਹੀ ਗਿਣਤੀ ’ਤੇ ਚਿੰਤਾ ਜ਼ਾਹਿਰ ਕਰਦਿਆਂ ਸਿੱਖਾਂ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਕੇਸ ਤੇ ਦਾੜ੍ਹੀਆਂ ਰੱਖਣ ਅਤੇ ਸਿੰਘ ਸਜਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਿੱਖ ਸੰਗਤਾਂ ਨੂੰ ਪੰਥ ਅਤੇ ਗੁਰੂ ਵਿਰੋਧੀ ਸੋਚ ਰੱਖਣ ਵਾਲਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।

A1PROMOTIONS.CA

Custom T Shirts, Hoodies, School Uniforms

Event & Tournament Packages, Trophy Awards

Large Variety Of Promotional Products



A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca


SUMMER GETAWAY DRAW!
WIN A ROUND-TRIP FLIGHT TO ANY DESTINATION!
YOUR ADVENTURE AWAITS
SABZI MANDI SUPERMARKET
NO PURCHASE NECESSARY!
ENTER TODAY • WIN ALL SUMMER LONG!
PLUS WEEKLY PRIZE DRAWS!
HAWKINS PRESSURE COOKER
SMALL APPLIANCES
CROCKERY SETS
GIFT BASKETS
Visit in store for more details
• Must be 19 years of age or older to enter.
• Winner will receive one (1) round-trip airfare ticket to a single destination.
• Maximum prize value: CAD $5,000.
Kamloops Location Opening Soon!
HOT PRICE FRESH SPINACH ਪਾਲਕ Bunch 99¢ ea
HOT PRICE ROMA TOMATOES ਰੋਮਾ ਟਮੇਟਰ 99¢ /lb
HOT PRICE FRESH CILANTRO ਧਨੀਆਂ Bunch 2 for 99¢
HOT PRICE SEEDLESS WATERMELON ਮਤੀਰਾ 69¢ /lb
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 3.99 ea
UNBEATABLE DEAL
TATA AGNI TEA ਟਾਟਾ ਅੱਗਨੀ ਚਾਹ 1kg 6.99 ea
PETHA KADDU ਪੇਠਾ ਕੱਦੂ 99¢ /lb
NEW KRUNCH PANI PURI TRAY ਨੀਊ ਕਰੰਚ ਪਾਨੀ ਪੂਰੀ 260g 6.99 ea
MANDARIN ORANGES ਮੈਂਡਰਿਨ ਸੰਗਤਰੇ 1.69 /lb
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 3.99 ea
NEW KRUNCH COOKIES ਨੀਊ ਕਰੰਚ ਕੁਕੀਆਂ Asst., 2.2lb 5.99 ea
HALDIRAM'S MOONG DAAL BHUJIA ਹਲਦੀਰਾਮਜ਼ ਮੂੰਗ ਦਾਲ ਭੁਜੀਆ 1kg 6.99 ea
SAVERA PANEER ਸਵੇਰਾ ਪਨੀਰ 341g 4.99 ea
JUMBO CARROTS ਵੱਡੀਆਂ ਗਾਜਰਾਂ 59¢ /lb
SAVERA RASMALAI ਸਵੇਰਾ ਰਸਮਲਾਈ Asst., 850g 6.99 ea
NPS #1 ALMONDS ਬਦਾਮ 5.99 /lb
ATHIVA PINK SALT ਆਥਿਵਾ ਪਿੰਕ ਸਾਲਟ 800g 2.49 ea
PUNJABI BY NATURE COOKIES ਪੰਜਾਬੀ ਬਾਈ ਨੇਚਰ ਕੁਕੀਆਂ Asst., 300g 3.99 ea
RUSSET POTATOES ਆਲੂ 10lb 3.49 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬੱਰਫੀ 150g 2.99 ea
FRESH GREEN CABBAGE ਪੱਤ ਗੋਭੀ 69¢ /lb
FRESH CANTALOUPE ਖਰਬੂਜਾ 79¢ /lb
FRESH ZUCCHINI ਤੋਰੀ 79¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SALE DATES: Fri. August 07, 2026 - Wed. August 12, 2026
U-HAUL
*At participating locations only.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com